
Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 78 | Thursday, April 21, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਯੂਨੀਅਨ ਸਟੇਸ਼ਨ ਦੇ 100 ਵਰਕਰਜ਼ ਹੜਤਾਲ ਉੱਤੇ ਗਏ



ਟੋਰਾਂਟੋ, 20 ਅਪਰੈਲ (ਪੋਸਟ ਬਿਊਰੋ) : ਅੱਧੀ ਰਾਤ ਨੂੰ ਯੂਨੀਅਨ ਸਟੇਸ਼ਨ ਦੇ ਇਲੈਕਟ੍ਰਿਕ ਵਰਕਰਜ਼ ਦੇ ਹੜਤਾਲ ਉੱਤੇ ਜਾਣ ਨਾਲ ਗੋ ਟਰੇਨ ਵਿੱਚ ਸਫਰ ਕਰਨ ਵਾਲਿਆਂ ਨੂੰ ਬੁੱਧਵਾਰ ਨੂੰ ਦੇਰ ਦਾ ਸਾਹ-ਮਣਾ ਕਰਨਾ ਪੈ ਸਕਦਾ ਹੈ।

ਰਾਤੀਂ 12:01 ਉੱਤੇ 95 ਟੋਰਾਂਟੋ ਟਰਮੀਨਲਜ਼ ਰੇਲਵੇਅ (ਟੀਟੀਆਰ) ਦੇ ਕਰਮਚਾਰੀਆਂ ਦੇ ਹੜਤਾਲ ਉੱਤੇ ਜਾਣ ਨਾਲ ਸਥਿਤੀ ਕਾਫੀ ਡਾਂਵਾਡੋਲ ਹੋ ਚੁੱਕੀ ਹੈ। ਮੈਟਰੋ ਲਿੰਕਸ ਦੀ ਤਰਜ਼ਮਾਨ ਐਨ ਮੈਰੀ ਆਇਕਿੰਜ਼ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਸਾਨੂੰ ਇਹ ਜਾਣਕਾਰੀ ਦਿੱਤੀ ਗਈ ਹੈ ਕਿ ਰਸਮੀ ਤੌਰ ਉੱਤੇ ਟੀਟੀਆਰ ਯੂਨੀਅਨ ਦੇ ਮੈਂਬਰ ਹੜਤਾਲ ਉੱਤੇ ਚਲੇ ਗਏ ਹਨ। ਉਨ੍ਹਾਂ ਆਖਿਆ ਕਿ ਇਸ ਸਬੰਧ ਵਿੱਚ ਲੇਬਰ ਡਿਸਰਪਸ਼ਨ ਕੌਂਟੀਜੈਂਸੀ ਪਲੈਨ ਨੂੰ ਲਾਗੂ ਕਰ ਦਿੱਤਾ ਗਿਆ ਹੈ ਤੇ ਸਾਨੂੰ ਪੂਰੀ ਆਸ ਹੈ ਕਿ ਗੋ ਤੇ ਯੂਨਾਈਟਿਡ ਪਾਰਸਲ ਐਕਸਪ੍ਰੈੱਸ ਨੂੰ ਬਹੁਤਾ ਨੁਕਸਾਨ ਨਹੀਂ ਹੋਵੇਗਾ। ਉਨ੍ਹਾਂ ਆਖਿਆ ਕਿ ਜੇ ਕਿਸੇ ਕਿਸਮ ਦੀ ਦੇਰ ਜਾਂ ਟਰੇਨ ਰੱਦ ਹੋਣ ਦੀ ਕੋਈ ਜਾਣਕਾਰੀ ਮਿਲੇਗੀ ਤਾਂ ਉਹ ਫੌਰੀ ਆਪਣੇ ਗਾਹਕਾਂ ਨੂੰ ਦਿੱਤੀ ਜਾਵੇਗੀ। ਸਟ੍ਰਾਈਕ ਉੱਤੇ ਗਏ ਵਰਕਰਜ਼ ਸਟੇਸ਼ਨ ਉੱਤੇ ਸਿਗਨਲਜ਼ ਤੇ ਕਮਿਊਨਿਕੇਸ਼ਨ ਮੇਨਟੇਨੈਂਸ ਦਾ ਕੰਮ ਦੇਖਦੇ ਸਨ। ਉਹ ਯੂਨੀਅਨ ਸਟੇਸ਼ਨ ਰੇਲ ਕੌਰੀਡੋਰ ਉੱਤੇ ਗੱਡੀਆਂ ਦਾ ਕੰਟਰੋਲ ਵੀ ਸਾਂਭਦੇ ਸਨ। ਇਹ ਵੀ ਆਸ ਪ੍ਰਗਟਾਈ ਜਾ ਰਹੀ ਹੈ ਕਿ ਇਸ ਹੜਤਾਲ ਨਾਲ ਟੀਟੀਸੀ ਸਬਵੇਅ ਸਰਵਿਸ ਪ੍ਰਭਾਵਿਤ ਹੋਣ ਦੀ ਵੀ ਕੋਈ ਸੰਭਾਵਨਾ ਨਹੀਂ। ਹੜਤਾਲੀ ਵਰਕਰਜ਼ ਇੰਟਰਨੈਸ਼ਨਲ ਬ੍ਰਦਰਹੁੱਡ ਆਫ ਇਲੈਕਟ੍ਰੀਕਲ ਵਰਕਰਜ਼ ਯੂਨੀਅਨ ਦੇ ਮੈਂਬਰਜ਼ ਹਨ ਤੇ ਉਹ ਦਸੰਬਰ 2019 ਤੋਂ ਬਿਨਾਂ ਕਾਂਟਰੈਕਟ ਦੇ ਸਨ।

## ਰੂਸ ਦੇ ਦਖ਼ਲ ਤੋਂ ਬਾਅਦ ਫਰੀਲੈਂਡ ਤੇ ਹੋਰਨਾਂ ਭਾਈਵਾਲਾਂ ਨੇ ਜੀ-20 ਮੀਟਿੰਗ ਤੋਂ ਕੀਤਾ ਵਾਕਆਊਟ



ਵਾਸ਼ਿੰਗਟਨ, 20 ਅਪਰੈਲ (ਪੋਸਟ ਬਿਊਰੋ) : ਵਾਸ਼ਿੰਗਟਨ, ਡੀਸੀ ਵਿੱਚ ਜੀ-20 ਦੀ ਚੱਲ ਰਹੀ ਮੀਟਿੰਗ ਵਿੱਚ ਉਸ ਸਮੇਂ ਵਿਘਣ ਪੈ ਗਿਆ ਜਦੋਂ ਰੂਸ ਦੀ ਸ਼ਮੂਲੀਅਤ ਖਿਲਾਫ ਸਟੈਂਡ ਲੈਂਦਿਆਂ ਕੈਨੇਡਾ ਦੀ ਡਿਪਟੀ ਪ੍ਰਧਾਨ ਮੰਤਰੀ ਤੇ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ, ਕੈਨੇਡੀਅਨ ਅਧਿਕਾਰੀਆਂ ਤੇ ਹੋਰਨਾਂ ਭਾਈਵਾਲਾਂ ਵੱਲੋਂ ਵਾਕਆਊਟ ਕਰ ਦਿੱਤਾ ਗਿਆ।

ਫਰੀਲੈਂਡ ਨੇ ਆਖਿਆ ਕਿ ਬੁੱਧਵਾਰ ਨੂੰ ਹੋ ਰਹੀ ਜੀ-20 ਵਿੱਤ ਮੰਤਰੀਆਂ ਤੇ ਸੈਂਟਰਲ ਬੈਂਕ ਗਵਰਨਰਜ਼ ਦੀ ਮੀਟਿੰਗ ਵਿੱਚ ਉਹ ਆਪ ਤੇ ਉਨ੍ਹਾਂ ਦੇ ਕਈ ਜਮਹੂਰੀ ਭਾਈਵਾਲ ਉਸ ਸਮੇਂ ਉੱਠੇ ਤੇ ਬਾਹਰ ਚਲੇ ਗਏ ਜਦੋਂ ਰੂਸ ਨੇ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਟਵੀਟ ਕਰਕੇ ਦੱਸਿਆ ਕਿ ਇਸ ਹਫਤੇ ਵਾਸ਼ਿੰਗਟਨ ਵਿੱਚ ਹੋਣ ਵਾਲੀਆਂ ਮੀਟਿੰਗਾਂ ਵਿਸ਼ਵ ਦੇ ਅਰਥਚਾਰੇ ਦਾ ਸਮਰਥਨ ਕਰਨ ਲਈ ਹਨ ਤੇ ਰੂਸ ਵੱਲੋਂ ਯੂਕਰੇਨ ਉੱਤੇ ਕੀਤੀ ਗਈ ਗੈਰਕਾਨੂੰਨੀ ਚੜ੍ਹਾਈ ਗਲੋਬਲ ਅਰਥਚਾਰੇ ਲਈ ਵੱਡਾ ਖਤਰਾ ਹੈ। ਇਨ੍ਹਾਂ ਮੀਟਿੰਗਾਂ ਵਿੱਚ ਰੂਸ ਨੂੰ ਹਿੱਸਾ ਨਹੀਂ ਲੈਣਾ ਚਾਹੀਦਾ ਜਾਂ ਉਸ ਨੂੰ ਇਨ੍ਹਾਂ ਮੀਟਿੰਗਾਂ ਵਿੱਚ ਸ਼ਾਮਲ ਹੀ ਨਹੀਂ ਹੋਣ ਦੇਣਾ ਚਾਹੀਦਾ। ਵਿਸ਼ਵ ਦੇ ਜਮਹੂਰੀ ਦੇਸ਼ ਘੇਸਲ ਮਾਰ ਕੇ ਰੂਸ ਦੇ ਗੁੱਸੇ ਦਾ ਸ਼ਿਕਾਰ ਬਣ ਰਹੇ ਯੂਕਰੇਨ ਵਾਸੀਆਂ ਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਵਾਰ ਕ੍ਰਾਈਮਜ਼ ਨੂੰ ਨਹੀਂ ਵੇਖ ਸਕਦੇ। ਫਰੀਲੈਂਡ ਵੱਲੋਂ ਜਾਰੀ ਕੀਤੀ ਗਈ ਫੋਟੋ ਵਿੱਚ ਸਾਫ ਨਜ਼ਰ ਆ ਰਿਹਾ ਹੈ ਕਿ ਬੈਂਕ ਆਫ ਕੈਨੇਡਾ ਦੇ ਗਵਰਨਰ ਟਿੱਫ ਮੈਕਲਮ, ਯੂਐਸ ਫੈਡਰਲ ਰਿਜ਼ਰਵ ਦੇ ਚੇਅਰ ਜੇਅ ਪਾਵੇਲ, ਯੂਕਰੇਨ ਦੇ ਵਿੱਤ ਮੰਤਰੀ ਸੇਰਹੀਅ ਮਾਰਚੈਂਕੋ ਤੇ ਇਕੌਨਮੀ ਲਈ ਯੂਰਪੀਅਨ ਕਮਿਸ਼ਨਰ ਪਾਓਲੋਜੈਨਤਿਲੋਨੀ ਮੀਟਿੰਗ ਵਿੱਚੋਂ ਉੱਠ ਕੇ ਬਾਹਰ ਜਾ ਰਹੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿਦੇਸ਼ ਮੰਤਰੀ ਮਿਲੇਨੀ ਜੋਲੀ ਸਮੇਤ ਹੋਰਨਾਂ ਕੈਨੇਡੀਅਨ ਅਧਿਕਾਰੀਆਂ ਦਾ ਇਹ ਆਖਣਾ ਹੈ ਕਿ ਜੀ-20 ਵਿੱਚ ਰੂਸ ਦੀ ਸੀਟ ਉੱਤੇ ਮੁੜ ਵਿਚਾਰ ਕੀਤਾ ਜਾਣਾ ਬਣਦਾ ਹੈ।

## ਮਹਿੰਗਾਈ ਕਾਰਨ ਕੈਨੇਡੀਅਨ ਪ੍ਰੇਸ਼ਾਨ



ਓਟਵਾ, 20 ਅਪਰੈਲ (ਪੋਸਟ ਬਿਊਰੋ) : ਸਟੈਟੇਸਟਿਕਸ ਕੈਨੇਡਾ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਅਨੁਸਾਰ ਗੈਸੋਲੀਨ ਦੀਆਂ ਕੀਮਤਾਂ ਪਿਛਲੇ ਮਹੀਨੇ ਨਾਲੋਂ 6•9 ਫੀ ਸਦੀ ਵੱਧ ਚੁੱਕੀਆਂ ਹਨ ਤੇ ਇੱਕ ਸਾਲ ਪਹਿਲਾਂ ਨਾਲੋਂ ਇਹ 40 ਫੀ ਸਦੀ ਵੱਧ ਚੁੱਕੀਆਂ ਹਨ।

ਇਹ ਮਹਿੰਗਾਈ ਰੂਸ ਵੱਲੋਂ ਯੂਕਰੇਨ ਉੱਤੇ ਕੀਤੇ ਹਮਲੇ ਦੀ ਬਦੌਲਤ ਵੱਧ ਰਹੀ ਹੈ। ਇਸ ਹਮਲੇ ਕਾਰਨ ਹੀ ਕੈਨੇਡਾ ਵਿੱਚ ਹੀ ਨਹੀਂ ਸਗੋਂ ਦੁਨੀਆ ਭਰ ਵਿੱਚ ਮਹਿੰਗਾਈ ਵਿੱਚ ਵਾਧਾ ਦਰਜ ਕੀਤਾ ਗਿਆ ਹੈ। ਇਸ ਮਹਿੰਗਾਈ ਦਾ ਅਸਰ ਕਈ ਸੈਕਟਰਜ਼ ਉੱਤੇ ਸਾਫ ਵੇਖਣ ਨੂੰ ਮਿਲ ਰਿਹਾ ਹੈ। ਜਹਾਜ਼ਾਂ ਦੀਆਂ ਟਿਕਟਾਂ, ਫਰਨੀਚਰ, ਗਰੌਸਰੀ ਦੀਆਂ ਕੀਮਤਾਂ, ਗੱਲ ਕੀ ਸੱਭ ਕੁੱਝ ਮਹਿੰਗਾ ਹੋ ਚੁੱਕਿਆ ਹੈ। 1983 ਤੋਂ ਬਾਅਦ ਹੁਣ ਕੈਨੇਡੀਅਨਜ਼ ਨੂੰ ਡੇਅਰੀ ਪਦਾਰਥਾਂ ਤੇ ਆਂਡਿਆਂ ਤੱਕ ਦੀਆਂ ਕੀਮਤਾਂ ਵੱਧ ਦੇਣੀਆਂ ਪੈ ਰਹੀਆਂ ਹਨ।

ਇਸ ਮਹਿੰਗਾਈ ਕਾਰਨ ਨਿੱਕੇ ਕਾਰੋਬਾਰੀਆਂ ਦਾ ਲੱਕ ਟੁੱਟ ਚੁੱਕਿਆ ਹੈ। ਕੁੱਝ ਮਾਹਿਰਾਂ ਦਾ ਕਹਿਣਾ ਹੈ ਕਿ ਪਰਿਵਾਰਾਂ ਨੂੰ ਆਪਣੇ ਖਰਚ ਕਰਨ ਦੀਆਂ ਆਦਤਾਂ ਬਦਲਣ ਲਈ ਸੋਚ ਵਿਚਾਰ ਕਰਨਾ ਚਾਹੀਦਾ ਹੈ।

## ਜ਼ਖ਼ਮੀ ਹੋਣ ਵਾਲੇ ਵਰਕਰਜ਼ ਨੂੰ ਵਧੇਰੇ ਮੁਆਵਜ਼ਾ ਦੇਵੇਗੀ ਪੀਸੀ ਸਰਕਾਰ!



ਓਨਟਾਰੀਓ, 20 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਉਹ ਕੰਮ ਉੱਤੇ ਜ਼ਖ਼ਮੀ ਹੋਣ ਵਾਲੇ ਵਰਕਰਜ਼ ਲਈ ਮੁਆਵਜ਼ੇ ਵਿੱਚ ਵਾਧਾ ਕਰੇਗੀ। ਪਰ ਇਹ ਪ੍ਰਸਤਾਵਿਤ ਤਬਦੀਲੀ ਪ੍ਰੋਵਿੰਸ਼ੀਅਲ ਚੋਣਾਂ ਤੋਂ ਪਹਿਲਾਂ ਪ੍ਰਭਾਵੀ ਨਹੀਂ ਹੋ ਸਕੇਗੀ। ਪ੍ਰੋਗਰੈਸਿਵ ਕੰਜ਼ਰਵੇਟਿਵਾਂ ਦਾ ਕਹਿਣਾ ਹੈ ਕਿ ਉਹ ਵਰਕਪਲੇਸ ਸੇਫਟੀ ਇੰਸ਼ੋਰੈਂਸ ਬੋਰਡ ਨੂੰ ਨਿਰਦੇਸ਼ ਦੇ ਰਹੇ ਹਨ ਕਿ ਉਹ ਇਨ੍ਹਾਂ ਵਰਕਰਜ਼ ਦੀਆਂ ਅਜਿਹੀਆਂ ਅਦਾਇਗੀਆਂ ਵਿੱਚ ਵਾਧਾ ਕਰਨ ਲਈ ਪਲੈਨ ਪੇਸ਼ ਕਰੇ। ਜ਼ਖ਼ਮੀ ਵਰਕਰਜ਼ ਨੂੰ ਇਸ ਸਮੇਂ ਕਿਸੇ ਹਾਦਸੇ ਤੋਂ ਪਹਿਲਾਂ 85 ਫੀ ਸਦੀ ਤਨਖਾਹ ਮਿਲਦੀ ਹੈ ਤੇ ਫੋਰਡ ਸਰਕਾਰ ਇਸ ਨੂੰ 90 ਫੀ ਸਦੀ ਕਰਨ ਬਾਰੇ ਯੋਜਨਾ ਬਣਾ ਰਹੀ ਹੈ।

ਲੇਬਰ ਮੰਤਰੀ ਮੌਂਟੀ ਮੈਕਨੌਟਨ, ਜਿਨ੍ਹਾਂ ਵੱਲੋਂ ਅੱਜ ਇਸ ਪਲੈਨ ਦਾ ਐਲਾਨ ਕੀਤਾ ਜਾਵੇਗਾ, ਨੇ ਆਖਿਆ ਕਿ ਇਸ ਪਲੈਨ ਲਈ ਸਰਕਾਰ ਇੱਕ ਬਿਲੀਅਨ ਡਾਲਰ ਤੱਕ ਐਲਾਨ ਸਕਦੀ ਹੈ ਕਿਉਂਕਿ ਡਬਲਿਊਐਸਆਈਬੀ ਕੋਲ ਵਾਧੂ ਫੰਡ ਪਏ ਹਨ। ਉਨ੍ਹਾਂ ਆਖਿਆ ਕਿ ਮਹਿੰਗਾਈ ਹਰ ਕਿਸੇ ਨੂੰ ਪ੍ਰਭਾਵਿਤ ਕਰ ਰਹੀ ਹੈ ਤੇ ਵਰਕਰਜ਼ ਨੂੰ ਸਹੀ ਮੁਆਵਜ਼ਾ ਮਿਲਣਾ ਹੀ ਚਾਹੀਦਾ ਹੈ, ਉਹ ਇਸ ਦੇ ਪੂਰੇ ਹੱਕਦਾਰ ਹਨ।

ਜ਼ਿਕਰਯੋਗ ਹੈ ਕਿ ਇਸ ਨਵੀਂ ਮੁਆਵਜ਼ਾ ਦਰ ਨੂੰ ਲਿਆਉਣ ਲਈ ਵਿਧਾਨਕ ਸੋਧ ਜ਼ਰੂਰੀ ਹੈ। ਸਰਕਾਰ ਦਾ ਇਹ ਵੀ ਕਹਿਣਾ ਹੈ ਕਿ ਉਹ ਇਹ ਸੋਧ ਸਾਲ ਦੇ ਅੰਤ ਵਿੱਚ ਲਿਆਵੇਗੀ। ਇਸ ਲਈ ਜੇ ਕੰਜ਼ਰਵੇਟਿਵ ਮੁੜ ਸੱਤਾ ਉੱਤੇ ਕਾਬਜ਼ ਹੁੰਦੇ ਹਨ ਤਾਂ ਵਰਕਰਜ਼ ਨੂੰ ਇਹ ਵਧਿਆ ਹੋਇਆ ਮੁਆਵਜ਼ਾ 2023 ਵਿੱਚ ਮਿਲਣਾ ਸ਼ੁਰੂ ਹੋਵੇਗਾ।

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate
•Low Operating Costs
•Many Recent Upgrades To Rooms
•New Security Camera System
•Plan Approved For Additional Unit
RAJ HANDA
BROKER OF RECORD
DIR: 647-546-5228
OFF: 905-457-4588
SAVE MAX GLOBAL REALTY
RAJ@SAVEMAXGLOBALREALTY.COM

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
10% additional discount on gold and upto 50% on diamond.
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive
Unit #19, Brampton
Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8)
(Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੰਮੀ ਗਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੌਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213





# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER





chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਸਬਵੇਅ ਸਟੇਸ਼ਨ ਉੱਤੇ ਛੁਰੇਬਾਜ਼ੀ ਵਿੱਚ ਇੱਕ ਜ਼ਖ਼ਮੀ



ਟੋਰਾਂਟੋ, 20 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਰਾਤ ਸੇਂਟ ਜਾਰਜ ਸਟੇਸ਼ਨ ਉੱਤੇ ਬਿਨਾਂ ਕਿਸੇ ਲੜਾਈ ਦੇ ਕੀਤੀ ਗਈ ਛੁਰੇਬਾਜ਼ੀ ਵਿੱਚ ਇੱਕ ਵਿਅਕਤੀ ਦੇ ਜ਼ਖਮੀ ਹੋਣ ਤੋਂ ਬਾਅਦ ਪੁਲਿਸ ਵੱਲੋਂ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਕਿਸੇ ਵਿਅਕਤੀ ਉੱਤੇ ਤੇਜ਼ ਧਾਰ ਹਥਿਆਰ ਨਾਲ ਕੀਤੇ ਗਏ ਵਾਰ ਦੀ ਜਾਣਕਾਰੀ ਮਿਲਣ ਤੋਂ ਬਾਅਦ ਰਾਤੀਂ 11:30 ਵਜੇ ਪੁਲਿਸ ਅਧਿਕਾਰੀ ਟੀਟੀਸੀ ਸਬਵੇਅ ਸਟੇਸ਼ਨ ਪਹੁੰਚੇ।ਪੁਲਿਸ ਨੇ ਦੱਸਿਆ ਕਿ ਇੱਕ 30 ਸਾਲਾ ਵਿਅਕਤੀ ਸਬਵੇਅ ਦੇ ਪਲੇਟਫਾਰਮ ਉੱਤੇ ਬੈਠਾ ਕਿਸੇ ਨਾਲ ਗੱਲਾਂ ਕਰ ਰਿਹਾ ਸੀ ਜਦੋਂ ਇੱਕ ਵਿਅਕਤੀ ਨੇ ਆ ਕੇ ਉਸ ਦੀ ਧੌਣ ਵਿੱਚ ਚਾਕੂ ਮਾਰ ਦਿੱਤਾ। ਪੁਲਿਸ ਨੇ ਦੱਸਿਆ ਕਿ ਇਹ ਹਮਲਾ ਕਿਸੇ ਤਰ੍ਹਾਂ ਦੀ ਭੜਕਾਹਟ ਕਾਰਨ ਨਹੀਂ ਕੀਤਾ ਗਿਆ।

ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਪਹੁੰਚਾਇਆ ਗਿਆ। ਪੁਲਿਸ ਨੇ ਦੱਸਿਆ ਕਿ ਕਾਰੇ ਨੂੰ ਅੰਜਾਮ ਦੇਣ ਤੋਂ ਬਾਅਦ ਮਸ਼ਕੂਕ ਸਟੇਸ਼ਨ ਤੋਂ ਫਰਾਰ ਹੋ ਗਿਆ। ਉਸ ਨੂੰ ਆਖਰੀ ਵਾਰੀ ਬੈੱਡਫੋਰਡ ਰੋਡ ਉੱਤੇ ਵੇਖਿਆ ਗਿਆ।ਬੁੱਧਵਾਰ ਨੂੰ ਪੁਲਿਸ ਨੇ ਟੋਰਾਂਟੋ ਦੇ 23 ਸਾਲਾ ਡੈਂਟਾ ਈਸਟਰਬਰੁੱਕ ਨੂੰ ਗ੍ਰਿਫਤਾਰ ਕਰ ਲਿਆ। ਉਸ ਉੱਤੇ ਹਥਿਆਰ ਨਾਲ ਕਿਸੇ ਉੱਤੇ ਹਮਲਾ ਕਰਨ ਦਾ ਦੋਸ਼ ਲਾਇਆ ਗਿਆ ਹੈ ਤੇ ਉਸ ਨੂੰ ਵੀਰਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਦੌਰਾਨ ਟੀਟੀਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਵੱਖ ਵੱਖ ਸਟੇਸ਼ਨਾਂ ਉੱਤੇ ਸਕਿਊਰਿਟੀ ਵਧਾ ਦਿੱਤੀ ਗਈ ਹੈ।

## ਪੀਟਰਬਰੋ ਵਿੱਚ ਚੱਲੀ ਗੋਲੀ, ਕਈ ਜ਼ਖ਼ਮੀ



ਓਨਟਾਰੀਓ, 20 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਪੀਟਰਬਰੋ, ਓਨਟਾਰੀਓ ਵਿੱਚ ਵਾਪਰੀ ਸ਼ੂਟਿੰਗ ਦੀ ਘਟਨਾ ਤੋਂ ਬਾਅਦ ਕਈ ਲੋਕ ਜ਼ਖ਼ਮੀ ਹੋ ਗਏ ਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਪੁਲਿਸ ਨੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਪਾਰਕ ਸਟਰੀਟ ਸਾਊਥ ਸਥਿਤ ਇੱਕ ਘਰ ਵਿੱਚੋਂ ਦੁਪਹਿਰੇ 1:00 ਵਜੇ 911 ਉੱਤੇ ਕਾਲ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਇਸ ਘਰ ਵਿੱਚੋਂ ਕਈ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਜ਼ਖ਼ਮੀਆਂ ਦੀ ਸਥਿਤੀ ਦਾ ਖੁਲਾਸਾ ਅਜੇ ਨਹੀਂ ਕੀਤਾ ਗਿਆ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਪਬਲਿਕ ਸੇਫਟੀ ਨੂੰ ਕੋਈ ਖਤਰਾ ਨਹੀਂ ਹੈ। ਪੁਲਿਸ ਨੇ ਆਖਿਆ ਕਿ ਅਗਲੀ ਜਾਣਕਾਰੀ ਸਥਿਤੀ ਸਪਸ਼ਟ ਹੋਣ ਮਗਰੋਂ ਹੀ ਦਿੱਤੀ ਜਾਵੇਗੀ।

## ਪੰਜਾਬ ਪੁਲਸ ਕੇਸ ਦਰਜ ਕਰ ਕੇ ਕੁਮਾਰ ਵਿਸ਼ਵਾਸ ਤੇ ਅਲਕਾ ਲਾਂਬਾ ਵਿਰੁੱਧ ਕਾਰਵਾਈ ਲਈ ਦਿੱਲੀ ਪਹੁੰਚੀ

*** ਕੁਮਾਰ ਵਿਸ਼ਵਾਸ ਅੱਗੋਂ ਕੇਜਰੀਵਾਲ ਉੱਤੇ ਭੜਕਿਆ**



ਚੰਡੀਗੜ੍ਹ, 20 ਅਪਰੈਲ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਕੌਮੀ ਆਗੂ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਖਿਲਾਫ ਬਿਆਨਬਾਜ਼ੀ ਕਾਰਨ ਪੰਜਾਬ ਵਿੱਚ ਦਰਜ ਕਰਵਾਏ ਕੇਸ ਲਈ ਪੰਜਾਬ ਪੁਲਸ ਵੱਲੋਂਦਿੱਲੀ ਦੇ ਦੋ ਕਾਂਗਰਸੀ ਲੀਡਰਾਂ ਦੇ ਘਰੀਂ ਛਾਪਿਆਂ ਦਾ ਮੁੱਦਾ ਭਖ ਸਕਦਾ ਹੈ।

ਅੱਜ ਬੁੱਧਵਾਰ ਨੂੰ ਪੰਜਾਬ ਪੁਲਿਸ ਦਿੱਲੀ ਦੀ ਕਾਂਗਰਸੀ ਆਗੂ ਅਲਕਾ ਲਾਂਬਾ ਦੇ ਘਰ ਪਹੁੰਚੀ। ਇੱਕ ਦਿਨ ਪਹਿਲਾਂ ਪੰਜਾਬ ਪੁਲਿਸ ਪ੍ਰਮੁੱਖ ਹਿੰਦੀ ਕਵੀ ਕੁਮਾਰ ਵਿਸ਼ਵਾਸ ਦੇ ਘਰ ਗਈ ਸੀ।ਅੱਜ ਪੰਜਾਬ ਪੁਲਸ ਨੂੰ ਆਪਣੇ ਘਰ ਆਈ ਵੇਖ ਕੇ ਕਾਂਗਰਸ ਆਗੂ ਅਲਕਾ ਲਾਂਬਾ ਨੇ ਟਵੀਟ ਕਰ ਕੇ ਕਿਹਾ, 'ਪੰਜਾਬ ਪੁਲਿਸ ਮੇਰੇ ਘਰ ਪਹੁੰਚੀ ਹੈ। ਪੰਜਾਬ ਪੁਲਿਸ ਘਰ ਦੀ ਕੰਧ ਉੱਤੇ ਨੋਟਿਸ ਲਾ ਗਈ ਤੇ ਜਾਂਦੇ-ਜਾਂਦੇ ਸਰਕਾਰ ਵੱਲੋਂ ਧਮਕੀ ਦੇ ਗਈ ਕਿ 26 ਅਪਰੈਲ ਨੂੰ ਥਾਣੇ ਵਿੱਚ ਪੇਸ਼ ਨਾ ਹੋਈ ਤਾਂ ਅੰਜਾਮ ਬੁਰਾ ਹੋਵੇਗਾ।' ਪੁਲਸ ਦੀ ਇਹ ਕਾਰਵਾਈ ਪੰਜਾਬ ਵਿੱਚ ਦਰਜ ਹੋਏ ਇੱਕ ਕੇਸ ਦੇ ਸੰਬੰਧ ਵਿੱਚ ਸੀ।ਇਸ ਤੋਂ ਪਹਿਲਾਂ ਅਲਕਾ ਲਾਂਬਾ ਨੇ ਹਿੰਦੀ ਦੇ ਪ੍ਰਮੁੱਖ ਕਵੀ ਕੁਮਾਰ ਵਿਸ਼ਵਾਸ ਦਾ ਟਵੀਟ ਰੀਟਵੀਟ ਕਰ ਕੇ ਲਿਖਿਆ ਸੀ, 'ਅੱਜ ਸਮਝ ਪੈਂਦਾ ਹੋਵੇਗਾ ਕਿ ਦਿੱਲੀਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਪੁਲਿਸ ਕਿਉਂ ਚਾਹੀਦੀ ਸੀ।ਭਾਜਪਾ ਵਾਂਗ ਸਿਰਫ਼ ਆਪਣੇ ਵਿਰੋਧੀਆਂ ਨੂੰ ਡਰਾਉਣ ਅਤੇ ਉਨ੍ਹਾਂ ਦੀ ਆਵਾਜ਼ ਦਬਾਉਣ ਲਈ।'

ਵਰਨਣ ਯੋਗ ਹੈ ਕਿ ਅੱਜ ਬੁੱਧਵਾਰ ਨੂੰ ਪਹਿਲਾਂ ਸਵੇਰੇ ਪੰਜਾਬ ਪੁਲਿਸ ਕੁਮਾਰ ਵਿਸ਼ਵਾਸ ਦੇ ਘਰ ਵੀ ਪਹੁੰਚੀ ਸੀ ਤੇ ਇਸ ਦੇ ਬਾਅਦ ਕੁਮਾਰ ਵਿਸ਼ਵਾਸ ਨੇ ਟਵੀਟ ਕਰ ਕੇ ਕਿਹਾ ਸੀ:'ਸਵੇਰੇ-ਸਵੇਰੇ ਪੰਜਾਬ ਪੁਲਿਸ ਘਰ ਪਧਾਰੀ। ਮੇਰੇ ਵੱਲੋਂ ਹੀ ਪਾਰਟੀ ਵਿੱਚ ਸ਼ਾਮਲ ਕਰਵਾਏ ਗਏ ਭਗਵੰਤ ਮਾਨ ਨੂੰ ਅਪੀਲ ਕਰਦਾ ਹਾਂ ਕਿ ਤੁਸੀਂ ਦਿੱਲੀ ਵਿੱਚ ਬੈਠੇ ਆਦਮੀ ਨੂੰ ਪੰਜਾਬ ਦੇ ਲੋਕਾਂ ਦੀ ਦਿੱਤੀ ਹੋਈ ਤਾਕਤ ਨਾਲ ਖੇਡਣ ਦੇ ਰਹੇ ਹੋ, ਉਹ ਇਕ ਦਿਨ ਪੰਜਾਬ ਨੂੰ ਵੀ ਧੋਖਾ ਦੇਵੇਗਾ, ਦੇਸ਼ ਮੇਰੀ ਚਿਤਾਵਨੀ ਯਾਦ ਰੱਖੇ।' ਉਨ੍ਹਾਂ ਦਾ ਇਹ ਇਸ਼ਾਰਾ ਸਿੱਧਾ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲ ਸੀ ਕਿ ਉਹੀ ਪੰਜਾਬ ਦੀ ਸਰਕਾਰ ਨੂੰ ਦਿੱਲੀ ਤੋਂ ਚਲਾ ਰਿਹਾ ਹੈ। ਕੁਮਾਰ ਵਿਸ਼ਵਾਸ ਇਸ ਤੋਂ ਪਹਿਲਾਂ ਨਾ ਸਿਰਫ ਆਮ ਆਦਮੀ ਪਾਰਟੀ ਨਾਲ ਹੁੰਦੇ ਸਨ, ਬਲਕਿ ਉਹ ਇਸ ਪਾਰਟੀ ਦੇ ਮੋਢੀ ਆਗੂਆਂ ਵਿੱਚੋਂ ਹੋਇਆ ਕਰਦੇ ਸਨ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਕੁਮਾਰ ਵਿਸ਼ਵਾਸ ਨੇ ਅਰਵਿੰਦ ਕੇਜਰੀਵਾਲ ਬਾਰੇ ਇੱਕ ਬਿਆਨ ਦਿੱਤਾ ਸੀ ਕਿ ਕੇਜਰੀਵਾਲ ਨੇ ਉਨ੍ਹਾਂ ਨਾਲ ਗੱਲਬਾਤ ਦੌਰਾਨ ਕਿਹਾ ਸੀ ਕਿ ਇੱਕ ਦਿਨ ਜਾਂ ਉਹ ਪੰਜਾਬ ਦੇ ਮੁੱਖ ਮੰਤਰੀ ਬਣਨਗੇ ਜਾਂ ਆਜ਼ਾਦ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਬਣਨਗੇ।ਕਿਹਾ ਜਾਂਦਾ ਹੈ ਕਿ ਇਹ ਬਿਆਨ ਪੰਜਾਬਨਾਲ ਜੁੜਿਆ ਸੀ।ਇਸ ਲਈ ਪੰਜਾਬ ਪੁਲਿਸ ਦੀ ਇੱਕ ਟੀਮ ਇਸ ਦੀ ਜਾਂਚ ਕਰ ਰਹੀ ਹੈ। ਇਸ ਬਾਰੇ ਪੁੱਛਗਿੱਛ ਲਈ ਪੁਲਸ ਕੁਮਾਰ ਵਿਸ਼ਵਾਸ ਦੇ ਘਰ ਪਹੁੰਚੀ ਸੀ, ਪਰ ਪੰਜਾਬ ਸਰਕਾਰ ਜਾਂ ਪੁਲਿਸ ਨੇ ਇਸ ਬਾਰੇ ਕੋਈ ਬਿਆਨ ਨਹੀਂ ਦਿੱਤਾ।

## ਛੁਰੇਬਾਜ਼ੀ ਕਾਰਨ ਟੀਨੇਜ ਲੜਕਾ ਜ਼ਖ਼ਮੀ

ਟੋਰਾਂਟੋ, 20 ਅਪਰੈਲ (ਪੋਸਟ ਬਿਊਰੋ) : ਬੁੱਧਵਾਰ ਨੂੰ ਸਿਟੀ ਦੇ ਉੱਤਰ ਵੱਲ ਛੁਰੇਬਾਜ਼ੀ ਦੀ ਵਾਪਰੀ ਘਟਨਾ ਵਿੱਚ ਇੱਕ ਟੀਨੇਜਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਛੁਰੇਬਾਜ਼ੀ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਟੋਰਾਂਟੋ ਪੁਲਿਸ ਗਲੈਨ ਪਾਰਕ ਏਰੀਆ ਵਿੱਚ ਸ਼ਾਮੀਂ 5:00 ਵਜੇ ਰੋਸਲਾਅਨ ਤੇ ਮਾਰਲੀ ਐਵਨਿਊ ਪਹੁੰਚੀ। ਜਾਂਚਕਾਰ, ਪੈਰਾਮੈਡਿਕਸ ਨਾਲ ਘਟਨਾ ਵਾਲੀ ਥਾਂ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਜ਼ਖ਼ਮੀ ਹਾਲਤ ਵਿੱਚ ਇੱਕ ਟੀਨੇਜਰ ਮਿਲਿਆ। ਉਸ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਜ਼ਖ਼ਮੀ ਲੜਕੇ ਦੀ ਉਮਰ ਦਾ ਖੁਲਾਸਾ ਨਹੀਂ ਕੀਤਾ ਗਿਆ ਤੇ ਇਸ ਸਮੇਂ ਕਿਸੇ ਮਸ਼ਕੂਕ ਬਾਰੇ ਕੋਈ ਜਾਣਕਾਰੀ ਵੀ ਨਹੀਂ ਮਿਲੀ ਹੈ।

## ਪੰਜਾਬ ਵਿੱਚ ਬਿਜਲੀ ਦੇ ਵੱਡੇ ਬਕਾਏਦਾਰਾਂ ਤੋਂ 15 ਦਿਨਾਂ ਵਿੱਚ ਬਕਾਏ ਵਸੂਲਣ ਦੇ ਹੁਕਮ ਜਾਰੀ



ਚੰਡੀਗੜ੍ਹ, 20 ਅਪਰੈਲ, (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਮ ਲੋਕਾਂ ਵਾਸਤੇ 300 ਯੂਨਿਟ ਮੁਫ਼ਤ ਬਿਜਲੀ ਦੇਣ ਦੀ ਸਕੀਮ ਲਾਗੂ ਕਰਨ ਦੀ ਜ਼ਿੰਮੇਵਾਰੀ ਐਡੀਸ਼ਨਲ ਚੀਫ ਸੈਕਟਰੀ (ਏਸੀਐੱਸ) ਏ. ਵੇਣੂ ਪ੍ਰਸਾਦ ਨੂੰ ਸੌਂਪੀ ਹੈ, ਜਿਹੜੇ ਇਸ ਸਮੇਂ ਪੰਜਾਬ ਪਾਵਰਕਾਮ ਦੇ ਚੇਅਰਮੈਨ-ਕਮ-ਮੈਨੇਜਿੰਗ ਡਾਇਰੈਕਟਰ ਹਨ। ਇਸ ਮੌਕੇਮੁੱਖ ਮੰਤਰੀ ਨੇ ਬਿਜਲੀ ਬਿੱਲ ਨਾ ਭਰਨ ਵਾਲੇ ਵੱਡੇ ਬਕਾਏਦਾਰਾਂ ਦੀ ਸੂਚੀ ਮੰਗੀ ਅਤੇ ਪੰਦਰਾਂ ਦਿਨਾਂ ਵਿੱਚ ਵੱਡੇ ਬਕਾਏਦਾਰਾਂ, ਜਿਨ੍ਹਾਂ ਵੱਲ ਲੱਖਾਂ ਰੁਪਏ ਦੇ ਬਕਾਏ ਖੜੇ ਹਨ, ਤੋਂ ਵਸੂਲੀ ਕਰਨ ਦਾ ਹੁਕਮ ਦਿੱਤਾ ਹੈ।

ਅੱਜ ਸਰਕਾਰ ਵੱਲੋਂ ਦਿੱਤੀ ਸੂਚਨਾ ਮੁਤਾਬਕ ਮੁੱਖ ਮੰਤਰੀ ਭਗਵੰਤ ਮਾਨ ਨੇਪੰਜਾਬ ਦੇ ਸਾਰੇ ਸਰਕਾਰੀ ਤੇ ਗੈਰ-ਸਰਕਾਰੀ ਡਿਫਾਲਟਰਾਂ ਦੀ ਸੂਚਨਾ ਦੇਣ ਲਈ ਕਿਹਾ ਤੇ ਸਾਰੇ ਡਿਫਾਲਟਰਾਂ ਤੋਂ 15 ਦਿਨਾਂ ਦੇ ਅੰਦਰ ਬਕਾਇਆ ਬਿੱਲਾਂ ਦੀ ਵਸੂਲੀ ਕਰਨ ਦੇ ਹੁਕਮ ਦਿੱਤੇ ਹਨ। ਇਸ ਆਧਾਰ ਉੱਤੇ ਏ. ਵੇਣੂਪ੍ਰਸਾਦ ਨੇ ਪੰਜਾਬ ਪਾਵਰਕੌਮ ਨੂੰ ਪੱਤਰ ਜਾਰੀ ਕਰਕੇ ਤੇਜ਼ੀ ਨਾਲ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕਰਦਿੱਤੇ ਹਨ।

ਮੁੱਖ ਮੰਤਰੀ ਪੰਜਾਬ ਦੇ ਅ ੈ ਡ ੀ ਸ਼ ਨ ਲ ਚੀਫਸੈਕਟਰੀਏ.ਵੇਣੂਪ੍ਰਸਾਦ ਦੇ ਇਸ ਪੱਤਰ ਉੱਤੇਪੰਜਾਬ ਪਾਵਰਕੌਮ ਦੇ ਸੀਐੱਮਡੀ (ਇੰਜੀਨੀਅਰ) ਬਲਦੇਵ ਸਿੰਘ ਸਰਾਂ ਨੇ ਕਾਰਪੋਰੇਸ਼ਨ ਦੇ ਅਧਿਕਾਰੀਆਂ ਨੂੰਪੱਤਰ ਜਾਰੀ ਕੀਤਾ ਹੈ ਕਿ ਮੁੱਖ ਮੰਤਰੀ ਨੇ 1 ਜੁਲਾਈ 2022 ਤੋਂ ਪੰਜਾਬ ਦੇ ਸਾਰੇ ਘਰਾਂ ਨੂੰ ਪ੍ਰਤੀ ਮਹੀਨਾ 300 ਯੂਨਿਟ ਬਿਜਲੀ ਮੁਫਤ ਦੇਣ ਦਾ ਐਲਾਨ ਕੀਤਾ ਤੇ ਦੋ ਕਿਲੋਵਾਟ ਤੱਕ ਦੇ ਲੋਡ ਵਾਲੇ ਸਾਰੇ ਘਰੇਲੂ ਖਪਤਕਾਰਾਂ ਨੂੰ 31 ਦਸੰਬਰ 2021 ਤੱਕ ਰਹਿੰਦੇ ਬਾਕੀਬਿੱਲਾਂ ਨੂੰ ਮੁਆਫ ਕਰਨ ਨੂੰ ਕਿਹਾ ਹੈ।ਮੁੱਖ ਮੰਤਰੀ ਨੇ ਬਿਜਲੀ ਵਿਭਾਗ ਦੇ ਮੀਟਰ ਰੀਡਰਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਬਿਜਲੀ ਮੀਟਰਾਂ ਦੀ ਰੀਡਿੰਗ ਲਗਾਤਾਰਕਰਵਾਈ ਜਾਵੇ ਤੇ ਜੇ ਕਿਤੇ ਬਿਜਲੀ ਮੀਟਰ ਦੀ ਗਲਤ ਰੀਡਿੰਗ ਦਾ ਕੇਸ ਪਤਾ ਲੱਗਾ ਤਾਂ ਸਬੰਧਤ ਮੀਟਰ ਰੀਡਰ ਜ਼ਿੰਮੇਵਾਰ ਹੋਵੇਗਾ ਤੇ ਉਸ ਉੱਤੇ ਕਾਰਵਾਈ ਕੀਤੀ ਜਾਵੇਗੀ।ਇਸ ਦੇ ਨਾਲ ਹੀ ਉਨ੍ਹਾਂ ਹਦਾਇਤ ਕੀਤੀ ਹੈ ਕਿ ਜਿਨ੍ਹਾਂ ਲੋਕਾਂ ਵੱਲ ਲੱਖਾਂ ਰੁਪਏ ਦੇ ਮੋਟੇ ਬਿਜਲੀ ਬਕਾਏ ਖੜੇ ਹਨ, ਉਨ੍ਹਾਂ ਤੋਂ ਬਕਾਏ ਛੇਤੀ ਵਸੂਲ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਜਾਵੇ, ਪਰ ਕਿਸੇ ਨੂੰ ਐਵੇਂ ਪ੍ਰੇਸ਼ਾਨ ਨਾ ਕੀਤਾ ਜਾਵੇ।

## ਨਾਬਾਲਗ ਪਤਨੀ ਨਾਲ ਸੰਬੰਧ ਬਣਾਉਣਾ ਬਲਾਤਕਾਰ ਮੰਨਿਆ ਜਾਵੇਗਾ

ਨਵੀਂ ਦਿੱਲੀ, 20 ਅਪ੍ਰੈਲ (ਪੋਸਟ ਬਿਊਰੋ)- ਨਾਬਾਲਗ ਪਤਨੀ ਨਾਲ ਸੰਬੰਧ ਬਣਾਉਣਾ ਬਲਾਤਕਾਰ ਹੈ। 18 ਸਾਲ ਤੋਂ ਘੱਟ ਉਮਰ ਦੀ ਪਤਨੀ ਨਾਲ ਸੰਬੰਧ ਬਣਾਉਣ ਉੱਤੇ ਪਤੀ ਨੂੰ ਬਲਾਤਕਾਰ ਦੇ ਨਾਲ ਬਾਲ ਜਿਨਸੀ ਸ਼ੋਸ਼ਣ ਰੋਕੂ ਕਾਨੂੰਨ (ਪੋਕਸੋ) ਅਤੇ ਬਾਲ ਵਿਆਹ ਰੋਕੂ ਕਾਨੂੰਨ ਦੇ ਮੁਕੱਦਮੇ ਦਾ ਵੀ ਸਾਹਮਣਾ ਕਰਨਾ ਪੈ ਸਕਦਾ ਹੈ। ਅਜਿਹਾ ਮਾਮਲਾ ਮਹਾਰਾਸ਼ਟਰ ਵਿੱਚ ਹੋਇਆ ਹੈ ਜਿੱਥੇ ਨਾਬਾਲਗ ਪਤਨੀ ਨਾਲ ਬਲਾਤਕਾਰ ਦਾ ਦੋਸ਼ੀ ਜ਼ਮਾਨਤ ਲਈ ਚੱਕਰ ਲਾ ਰਿਹਾ ਹੈ, ਪਰ ਬੰਬੇ ਹਾਈ ਕਰੋਟ ਨੇ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦੇ ਕੇ ਪੇਸ਼ਗੀ ਜ਼ਮਾਨਤ ਦੇਣ ਤੋਂ ਨਾਂਹ ਕਰ ਦਿੱਤੀ ਹੈ। ਸਾਲ 2017 ਵਿੱਚ ਆਏ ਸੁਪਰੀਮ ਕੋਰਟ ਦੇ ਫੈਸਲੇ ਪਿੱਛੋਂ ਇਹ ਸ਼ਾਇਦ ਪਹਿਲਾ ਮਾਮਲਾ ਹੈ।ਆਈ ਪੀ ਸੀ ਦੀ ਧਾਰਾ 375 ਦੇ ਸੈਕਸ਼ਨ (2) ਹੇਠ ਪਤਨੀ ਨਾਲ ਬਲਾਤਕਾਰਦੇ ਅਪਰਾਧ ਤੋਂ ਛੋਟ ਹੈ। ਇਸ ਲਈ ਜੇ ਕੋਈ ਆਪਣੀ ਪਤਨੀ ਨਾਲ ਸੰਬੰਧ ਬਣਾਉਂਦਾ ਹੈ ਤੇ ਪਤਨੀ ਦੀ ਉਮਰ 15 ਸਾਲ ਤੋਂ ਘੱਟ ਨਹੀਂ ਤਾਂ ਉਹ ਬਲਾਤਕਾਰ ਨਹੀਂ ਮੰਨਿਆ ਜਾਵੇਗਾ। ਸੁਪਰੀਮ ਕੋਰਟ ਨੇ 11 ਅਕਤੂਬਰ 2017 ਨੂੰ ਇੰਡੀਪੈਂਡੈਂਟ ਥਾਟ ਬਨਾਮ ਭਾਰਤ ਸਰਕਾਰ ਕੇਸ ਵਿੱਚ ਦਿੱਤੇ ਫੈਸਲੇ ਵਿੱਚ ਬਾਲ ਵਿਆਹ ਉੱਤੇ ਚਿੰਤਾ ਪ੍ਰਗਟਾਉਂਦੇ ਹੋਏ ਇਸ ਸੈਕਸ਼ਨ ਨੂੰ ਮੁੜ ਪਰਿਭਾਸ਼ਿਤ ਕੀਤਾ ਸੀ। ਆਈ ਪੀ ਸੀ ਦੇ ਇਸ ਸੈਕਸ਼ਨ ਦੀ ਹੋ ਕਾਨੂੰਨਾਂ ਜਿਵੇਂ ਬਾਲ ਵਿਆਹ ਰੋਕੂ ਕਾਨੂੰਨ ਤੇ ਪੋਕਸੋ ਨਾਲ ਤਰੁੱਟੀਆਂ ਨੂੰ ਦੇਖਦੇ ਹੋਏ ਇਸ ਨੂੰ ਇਨ੍ਹਾਂ ਮੁਤਾਬਕ ਕਰਦਿਆਂ ਨਵੀਂ ਵਿਵਸਥਾ ਦਿੱਤੀ ਸੀ। ਸੁਪਰੀਮ ਕੋਰਟ ਨੇ ਪਤਨੀ ਨਾਲ ਬਲਾਤਕਾਰਵਿੱਚ ਛੋਟ ਦੀ ਵਿਵਸਥਾ ਵਿੱਚ ਦਿੱਤੀ ਸੀ, ਪਰ ਪਤਨੀ ਦੀ ਉਮਰ 15 ਸਾਲ ਦੀ ਬਜਾਏ 18 ਸਾਲ ਕਰ ਦਿੱਤੀ ਸੀ।ਇਹ ਕੇਸ ਉਦੋਂ ਸਾਹਮਣੇ ਆਇਆ, ਜਦੋਂ ਇਕ ਨਾਬਾਲਗ ਲੜਕੀ ਨੇ ਬੱਚੇ ਨੂੰ ਜਨਮ ਦਿੱਤਾ। ਹਸਪਤਾਲ ਵਿੱਚ ਲੜਕੀ ਨੇ ਆਪਣੀ ਉਮਰ 17 ਸਾਲ ਦੱਸੀ, ਤਾਂ ਕੇਸ ਦਰਜ ਹੋਇਆ ਅਤੇ ਪਤੀ ਉੱਤੇ ਧਾਰਾ 376 ਵਿੱਚਬਲਾਤਕਾਰਦੇ ਨਾਲ ਬਾਲ ਵਿਆਹ ਰੋਕੂ ਕਾਨੂੰਨ ਤੇ ਪੋਕਸੋ ਦੇ ਦੋਸ਼ ਲੱਗੇ ਹਨ। ਪਤੀ ਵੱਲੋਂ ਦਲੀਲ ਦਿੱਤੀ ਸੀ ਕਿ ਉਸ ਨੂੰ ਪਤਨੀ ਦੇ ਨਾਬਾਲਗ ਹੋਣ ਬਾਰੇ ਜਾਣਕਾਰੀ ਨਹੀਂ ਸੀ। ਪਤਨੀ ਨਾਲ ਉਸ ਦੇ ਸੰਬੰਧ ਚੰਗੇ ਹਨ। ਕਦੀ ਉਸ ਨਾਲ ਤਸ਼ੱਦਦ ਨਹੀਂ ਕੀਤਾ ਗਿਆ। ਪਤਨੀ ਨੇ ਕਿਹਾ ਕਿ ਜੇ ਪਤੀ ਨੂੰ ਪੇਸ਼ਗੀ ਜ਼ਮਾਨਤ ਦਿੱਤੀ ਜਾਂਦੀ ਹੈ ਤਾਂ ਉਸ ਨੂੰ ਇਤਰਾਜ਼ ਨਹੀਂ ਹੋਵੇਗਾ, ਪਰ ਸਰਕਾਰੀ ਵਕੀਲ ਨੇ ਵੀ ਸੁਪਰੀਮ ਕੋਰਟ ਦੇ ਫੈਸਲੇ ਦਾ ਹਵਾਲਾ ਦੇ ਕੇ ਜ਼ਮਾਨਤ ਦਾ ਵਿਰੋਧ ਕੀਤਾ ਸੀ।
















## ਅੱਜ ਨਾਮਾ

ਵਧੀ ਕਹਿਰ ਜਿਹਾ ਜਾਏ ਸਮਾਜ ਅੰਦਰ,
ਤਾਂਹੀ ਭਾਈ ਨੂੰ ਮਾਰ ਰਿਹਾ ਭਾਈ ਬੇਲੀ।
ਭਾਰਾ ਟੱਕਰ ਦਾ ਮੁੱਦਾ ਨਹੀਂ ਕੋਈ ਹੁੰਦਾ,
ਵਧਦੀ ਸਹਿਵਨ ਹੀ ਜਾਏ ਲੜਾਈ ਬੇਲੀ।
ਵਿੰਹਦੇ ਲੋਕ ਛੁਡਾਵਣ ਨਹੀਂ ਜਾਣ ਅੱਗੇ,
ਆਪਣੀ ਚਾਹੁੰਦੇ ਨੇ ਜਾਨ ਬਚਾਈ ਬੇਲੀ।
ਮਾਰਿਆ ਜਾਂਦਾ ਛੁਡਾਵਾ ਵੀ ਕਈ ਥਾਂਈਂ,
ਕਈਆਂ ਇਸੇ ਤਰ੍ਹਾਂ ਜਾਨ ਗਵਾਈ ਬੇਲੀ।
ਕਿਧਰੇ ਭਾਈ ਵੀ ਮਾਰਦਾ ਭਾਈ ਸੁਣਿਆ,
ਕਿਧਰੇ ਪੁੱਤਰ ਖੁਦ ਮਾਰਿਆ ਬਾਪ ਬੇਲੀ।
ਨਾੜਾਂ ਅੰਦਰ ਹੈ ਉੱਬਲਦਾ ਖੂਨ ਫਿਰਦਾ,
ਚੜ੍ਹ ਗਿਆ ਜਾਪਦਾ ਕੋਈ ਸੰਤਾਪ ਬੇਲੀ।

**ਤੀਸ ਮਾਰ ਖਾਂ**

# ਮਾਨ ਦਾ ਇੱਕ ਹੋਰ ਐਲਾਨ: ਡਿਊਟੀ ਕਰਦਿਆਂ ਮਾਰੇ ਗਏ ਪੁਲਿਸ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਇੱਕ ਕਰੋੜ ਰੁਪਏ ਮਿਲਣਗੇ

ਚੰਡੀਗੜ੍ਹ, 20 ਅਪਰੈਲ, (ਪੋਸਟ ਬਿਊਰੋ)- ਇੱਕਵੱਡਾ ਕਦਮ ਚੁੱਕਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਬੁੱਧਵਾਰ ਨੂੰ ਐਲਾਨ ਕੀਤਾ ਕਿ ਡਿਊਟੀ ਦੌਰਾਨ ਮੌਤ ਹੋਈ ਤਾਂ ਪੰਜਾਬ ਪੁਲਿਸ ਦੇ ਜਵਾਨ ਜਾਂ ਅਫਸਰ ਦੇ ਪਰਿਵਾਰ ਨੂੰ 1 ਕਰੋੜ ਰੁਪਏ ਐਕਸ-ਗ੍ਰੇਸ਼ੀਆ ਰਾਸ਼ੀ ਦਿੱਤੀ ਜਾਇਆ ਕਰੇਗੀ।



ਅੱਜ ਏਥੇ ਪੰਜਾਬ ਪੁਲਿਸ ਤਕਨੀਕ ਪਲੇਟਫਾਰਮ ਦੀ ਵਰਤੋਂ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਨੇਪੰਜਾਬ ਪੁਲਿਸ ਦੇ ਅਫਸਰਾਂ ਤੇ ਕਰਮਚਾਰੀਆਂ ਨੂੰ ਸੰਬੋਧਤ ਕੀਤਾ। ਇਸ ਮੀਟਿੰਗ ਵਿੱਚਚੀਫਸੈਕਟਰੀ ਅਨਿਰੁਧ ਤਿਵਾੜੀ, ਮੁੱਖ ਮੰਤਰੀ ਦੇ ਐਡੀਸ਼ਨਲ ਚੀਫਸੈਕਟਰੀ ਏ. ਵੇਣੂ ਪ੍ਰਸਾਦ, ਚੀਫ ਪ੍ਰਿੰਸੀਪਲਸੈਕਟਰੀ(ਹੋਮ) ਅਨੁਰਾਗ ਵਰਮਾ ਤੇ ਪੰਜਾਬ ਪੁਲਿਸ ਦੇ ਮੁਖੀ (ਡੀਜੀਪੀ) ਵੀਕੇ ਭਾਵਰਾ ਸਮੇਤ ਸਾਰੇ ਵੱਡੇ ਅਫਸਰ ਹਾਜ਼ਰ ਸਨ। ਮੀਟਿੰਗ ਦੌਰਾਨ ਪੰਜਾਬ ਪੁਲਸ ਦੇ ਸਾਰੇ ਰੈਂਕਾਂ ਦੇ 23000 ਤੋਂ ਵੱਧ ਪੁਲਿਸ ਵਾਲਿਆਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਸਭ ਨੂੰ ਗੈਂਗਸਟਰਾਂ, ਨਸ਼ੀਲੇ ਪਦਾਰਥ ਦਾ ਧੰਦਾ ਕਰਨ ਵਾਲਿਆਂ, ਖਾੜਕੂਆਂ, ਗੈਰ-ਕਾਨੂੰਨੀ ਮਾਈਨਿੰਗ ਤੇ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਰੱਖਣ ਦੇ ਨਿਰਦੇਸ਼ ਦਿੱਤੇ। ਖਾਸ ਤੌਰ ਉੱਤੇ ਪੰਜਾਬ ਪੁਲਿਸ ਵੱਲੋਂ ਪੁਲਿਸ ਹੈੱਡਕੁਆਰਟਰ, ਸਾਰੇ ਜ਼ਿਲਾ ਪੁਲਿਸ ਦਫਤਰਾਂ, ਥਾਣਿਆਂ, ਸਿਖਲਾਈ ਕੇਂਦਰਾਂ, ਸਪੈਸ਼ਲ ਟਾਸਕ ਫੋਰਸ ਦੇ ਦਫਤਰਾਂ, ਇੰਟੈਲੀਜੈਂਸ ਲਈ ਬਣਾਏ 933 ਵੀਡੀਓ ਕਾਨਫਰੰਸਿੰਗ (ਵੀਸੀ) ਸਥਾਨਾਂ ਤੋਂ ਸਾਰੇ ਰੈਂਕ ਦੇ ਪੁਲਿਸ ਵਾਲੇਬੈਠਕਵਿੱਚ ਸ਼ਾਮਲ ਹੋਏ। ਪੰਜਾਬ ਵਿੱਚ ਇਹ ਪਹਿਲੀ ਵਾਰ ਹੈ ਕਿਮੁੱਖ ਮੰਤਰੀ ਨੇ ਪੁਲਿਸ ਮੁਲਾਜ਼ਮਾਂ ਦੇ ਏਡੇ ਇਕੱਠ ਨੂੰ ਸੰਬੋਧਨ ਕੀਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਪੁਲਿਸ ਅਫਸਰਾਂ ਨੂੰ ਪੁਲਿਸ ਦੇ ਕੰਮਵਿੱਚ ਕੋਈ ਦਖਲ ਨਾ ਹੋਣ ਦਾ ਭਰੋਸਾ ਦਿੰਦੇ ਹੋਏ ਉਨ੍ਹਾਂ ਨੂੰ ਪੇਸ਼ੇਵਰ ਡਿਊਟੀ, ਸਮਰਪਣ ਤੇ ਇਮਾਨਦਾਰੀ ਨਾਲ ਕੰਮ ਕਰਨ ਦਾਸੱਦਾ ਦਿੱਤਾ ਤੇ ਕਿਹਾ ਕਿਰਾਜਵਿੱਚ ਲੋਕਾਂ ਦੀ ਸੁਰੱਖਿਆ ਯਕੀਨੀ ਕਰਨ ਤੇ ਕਾਨੂੰਨ ਦੀ ਉਲੰਘਣਾ ਕਰਦੇ ਲੋਕਾਂ ਵਿਰੁੱਧ ਬਿਨਾਂ ਕਿਸੇ ਦਬਾਅ ਦੇ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।ਇਸ ਮੌਕੇ ਮੁੱਖ ਮੰਤਰੀ ਨੇ ਇਸ ਸਾਲ ਤੋਂ ਪੁਲਿਸ ਭਲਾਈ ਫੰਡ ਨੂੰ ਅੱਜ ਤੱਕ ਚੱਲ ਰਹੇ 10 ਕਰੋੜ ਰੁਪਏ ਤੋਂ ਵਧਾ ਕੇ 15 ਕਰੋੜ ਰੁਪਏ ਕਰਨ ਦਾ ਐਲਾਨ ਵੀ ਕੀਤਾ।

# ਦਿੱਲੀ ਦੇ ਤਿੰਨੇ ਨਗਰ ਨਿਗਮ ਇੱਕ ਕਰ ਦਿੱਤੇ ਗਏ

ਨਵੀਂ ਦਿੱਲੀ, 20 ਅਪ੍ਰੈਲ (ਪੋਸਟ ਬਿਊਰੋ)- ਦਿੱਲੀ ਦੇ ਤਿੰਨਾਂ ਨਗਰ ਨਿਗਮਾਂ ਨੂੰ ਇੱਕ ਕਰਨ ਵਾਲੇ ਦਿੱਲੀ ਨਗਰ ਨਿਗਮ (ਸੋਧ) ਬਿੱਲ 2022 ਨੂੰ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਮਨਜ਼ੂਰੀ ਦੇ ਦਿੱਤੀ ਹੈ। ਇਸ ਸਬੰਧ ਵਿੱਚ ਭਾਰਤ ਸਰਕਾਰ ਨੇ ਨੋਟੀਫ਼ਿਕੇਸ਼ਨ ਜਾਰੀ ਕਰ ਦਿੱਤਾ ਹੈ। ਕੇਂਦਰ ਸਰਕਾਰ ਨੇ ਪਾਰਲੀਮੈਂਟ ਦੇ ਬੀਤੇ ਸੈਸ਼ਨ ਵਿੱਚ ਤਿੰਨੋਂ ਨਗਰ ਨਿਗਮਾਂ ਨੂੰ ਇੱਕ ਕਰਨ ਵਾਲਾ ਬਿੱਲ ਪਾਸ ਕਰਵਾਇਆ ਸੀ। ਇਸ ਦਾ ਮਤਲਬ ਹੈ ਕਿ ਵਾਰਡਾਂ ਦੀ ਗਿਣਤੀ 272 ਤੋਂ ਘਟਾ ਕੇ 250 ਕੀਤੀ ਜਾ ਸਕਦੀ ਹੈ। ਇਸ ਦਾ ਉਦੇਸ਼ ਦਿੱਲੀ ਦੇ ਤਿੰਨੋਂ ਨਗਰ ਨਿਗਮ: ਪੂਰਬੀ ਦਿੱਲੀ ਨਗਰ ਨਿਗਮ, ਉਤਰੀ ਦਿੱਲੀ ਨਗਰ ਨਿਗਮ ਅਤੇ ਦੱਖਣੀ ਦਿੱਲੀ ਨਗਰ ਨਿਗਮ ਦਾ ਰਲੇਵਾਂ ਕਰਨਾ ਹੈ। ਮਿਲੀ ਜਾਣਕਾਰੀ ਮੁਤਾਬਕ ਦਿੱਲੀ ਨਗਰ ਨਿਗਮ ਦੇ ਕੰਮਾਂ ਲਈ ਸਰਕਾਰ ਇੱਕ ਵਿਸ਼ੇਸ਼ ਅਧਿਕਾਰੀ ਨਿਯੁਕਤ ਕਰੇਗੀ। ਪਾਰਲੀਮੈਂਟ ਤੋਂ ਪਾਸ ਇਸ ਕਾਨੂੰਨ ਨੂੰ ਰਾਸ਼ਟਰਪਤੀ ਨੇ ਮਨਜ਼ੂਰੀ ਦੇ ਦਿੱਤੀ ਹੈ ਅਤੇ ਇਸ ਦੀ ਆਮ ਜਾਣਕਾਰੀ ਲਈ ਕੱਲ੍ਹ ਭਾਰਤ ਦੇ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਗਿਆ। ਇਸ ਕਾਨੂੰਨ ਦੇ ਲਾਗੂ ਹੋਣ ਮਗਰੋਂ ਤਿੰਨ ਨਹੀਂ, ਇੱਕ ਨਿਗਮ ਹੋ ਗਈ ਹੈ। ਅਪ੍ਰੈਲ ਦੇ ਸ਼ੁਰੂ ਵਿੱਚ ਦਿੱਲੀ ਨਗਰ ਨਿਗਮ ਚੋਣਾਂ ਦੀਆਂ ਤਾਰੀਖ਼ਾਂ ਦਾ ਐਲਾਨ ਹੋਣਾ ਸੀ ਪਰ ਜਦੋਂ ਦਿੱਲੀ ਦੇ ਚੋਣ ਕਮਿਸ਼ਨ ਸਮੇਂ ਤੋਂ ਪਹਿਲਾਂ ਤੈਅ ਤਾਰੀਖ਼ਾਂ ਦਾ ਐਲਾਨ ਕਰਨ ਆਏ, ਤਾਂ ਉਨ੍ਹਾਂ ਨੇ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਸੀ ਕਿ ਅੱਧਾ ਘੰਟਾ ਪਹਿਲਾਂ ਉਨ੍ਹਾਂ ਨੂੰ ਕੇਂਦਰ ਸਰਕਾਰ ਤੋਂ ਤਿੰਨੋਂ ਨਿਗਮਾਂ ਨੂੰ ਇੱਕ ਕਰਨ ਦੀ ਸੂਚਨਾ ਮਿਲੀ ਹੈ, ਇਸ ਲਈ ਤਾਰੀਖ਼ਾਂ ਦਾ ਐਲਾਨ ਬਾਅਦ ਵਿੱਚ ਕਰਨਗੇ।

# ਵਿਰੋਧੀ ਗੈਂਗਸਟਰਾਂ ਦੇ ਡਰੋਂ ਪੁਨੀਤ ਨੇ ਭਰਾ ਦਾ ਵਿਆਹ ਕਰਵਾ ਕੇ ਵਿਦੇਸ਼ ਭੇਜਿਆ

*** ਏਅਰਪੋਰਟ ਜਾਣ ਸਮੇਂ ਭਰਾ ਨੂੰ ਸੋਨੀਪਤ ਵਿੱਚ ਪੈਸੇ ਦਿਤੇ**

ਜਲੰਧਰ, 20 ਅਪ੍ਰੈਲ (ਪੋਸਟ ਬਿਊਰੋ)- ਪਿਛਲੇ ਸਮੇਂ ਵਿੱਚ ਹੋਏ ਤਿੰਨ ਕਤਲਾਂ ਵਿੱਚ ਸ਼ਾਮਲ ਤੇ ਗੁਰੂਗ੍ਰਾਮ ਦੇ ਮਸ਼ਹੂਰ ਗੈਂਗਸਟਰ ਕੌਸ਼ਲ ਦਾ ਸੱਜਾ ਹੱਥ ਮੰਨੇ ਜਾਂਦੇ ਪੁਨੀਤ ਸ਼ਰਮਾ ਨੇ ਆਪਣੇ ਭਰਾ ਨੂੰ ਵਿਦੇਸ਼ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਉਸ ਨੇ ਕਰਤਾਰਪੁਰ ਨੇੜੇ ਉਸਦਾ ਵਿਆਹ ਕਰਵਾਇਆ, ਜਿੱਥੇ ਪੁਨੀਤ ਖ਼ੁਦ ਭੇਸ ਬਦਲ ਕੇ ਆਇਆ ਸੀ। ਫਿਰ ਸ਼ਹਿਰ ਦੇ ਇੱਕ ਪ੍ਰਸਿੱਧ ਟਰੈਵਲ ਏਜੰਟ ਤੋਂ 30 ਲੱਖ ਰੁਪਏ 'ਚ ਵੀਜ਼ਾ ਲੁਆ ਕੇ ਉਸ ਨੇ ਆਪਣੇ ਭਰਾ ਤੇ ਭਾਬੀ ਨੂੰ ਵਿਦੇਸ਼ ਭੇਜ ਦਿੱਤਾ।ਸੂਤਰਾਂ ਮੁਤਾਬਕ ਪੁਨੀਤ ਨੂੰ ਡਰ ਸੀ ਕਿ ਉਸਦੇ ਵਿਰੋਧੀ ਗੈਂਗਸਟਰ ਉਸ ਦਾ ਗੁੱਸਾ ਕੱਢਣ ਲਈ ਉਸਦੇ ਭਰਾ ਉੱਤੇ ਹਮਲਾ ਕਰ ਸਕਦੇ ਹਨ। ਪੁਲਸ ਵੀ ਉਸ ਦੇ ਭਰਾ ਉੱਤੇ ਕਿਸੇ ਤਰ੍ਹਾਂ ਦਾ ਦਬਾਅ ਨਾ ਪਾਵੇ, ਇਸ ਕਰ ਕੇ ਉਸ ਨੇ ਉਸਦਾ ਵਿਆਹ ਕਰਵਾ ਕੇ ਜਲਦਬਾਜ਼ੀ ਵਿੱਚ ਵਿਦੇਸ਼ ਭੇਜ ਦਿੱਤਾ।

ਦੱਸਿਆ ਗਿਆ ਹੈ ਕਿ ਪੁਨੀਤ ਦਾ ਭਰਾ ਜਦੋਂ ਦਿੱਲੀ ਏਅਰਪੋਰਟ ਉੱਤੇ ਗਿਆ ਤਾਂ ਪੁਨੀਤ ਖੁਦ ਉਸ ਨੂੰ ਸੋਨੀਪਤ ਵਿੱਚ ਮਿਲਿਆ ਅਤੇ ਪੈਸੇ ਵੀ ਦਿੱਤੇ। ਉਦੋਂ ਪੁਨੀਤ ਨਾਲ ਦੋ ਹੋਰ ਗੱਡੀਆਂ ਸਨ, ਜਿਨ੍ਹਾਂ ਵਿੱਚ ਅਸਲੇ ਨਾਲ ਲੈਸ ਸਾਥੀ ਗੈਂਗਸਟਰ ਸਨ। ਅਦਾਅਵਾ ਕੀਤਾ ਜਾ ਰਿਹਾ ਹੈ ਕਿ ਪੁਨੀਤ ਤੇ ਗੈਂਗਸਟਰ ਲੱਲੀ ਅਤੇ ਵਿਕਾਸ ਨਾਂ ਦਾ ਗੈਂਗਸਟਰ ਇਕੱਠੇ ਹਨ ਅਤੇ ਕੌਸ਼ਲ ਦੀ ਛਤਰ-ਛਾਇਆ ਵਿੱਚ ਹਨ।ਕੌਸ਼ਲ ਦਾ ਗੈਂਗ ਅਜੇ ਸਰਗਰਮ ਹੈ ਅਤੇ ਗੁਰੂਗ੍ਰਾਮ ਅਤੇ ਮੈਟਰੋ ਸਿਟੀ ਵਿੱਚ ਸੁਪਾਰੀ ਲੈ ਕੇ ਹੱਤਿਆ, ਕਿਡਨੈਪਿੰਗ ਅਤੇ ਵਿਵਾਦ ਵਾਲੀ ਪ੍ਰਾਪਰਟੀ ਉੱਤੇ ਕਬਜ਼ਾ ਕਰ ਕੇ ਖਰਚਾ ਚਲਾ ਰਿਹਾ ਹੈ।

# ਅਕਾਲ ਡਿਗਰੀ ਵੂਮੈੱਨ ਕਾਲਜ ਦੀ ਪ੍ਰਬੰਧਕੀ ਕਮੇਟੀ ਬਰਖ਼ਾਸਤ

ਸੰਗਰੂਰ, 20 ਅਪਰੈਲ, (ਪੋਸਟ ਬਿਊਰੋ)- ਅਕਾਲ ਡਿਗਰੀ ਵੂਮੈੱਨ ਕਾਲਜ ਦੀ ਪ੍ਰਬੰਧਕੀ ਕਮੇਟੀਦੇ ਵਿਰੁੱਧ ਫੰਡਾਂ ਵਿੱਚ ਘਪਲੇ ਦਾ ਇੱਕ ਕੇਸਸੰਗਰੂਰ ਦੇ ਸਿਟੀ ਥਾਣੇ ਵਿੱਚ ਦਰਜ ਕੀਤਾ ਗਿਆ ਹੈ। ਉੱਚ ਸਿੱਖਿਆ ਵਿਭਾਗ ਦੇ ਹੁਕਮਾਂ ਉੱਤੇ ਦਰਜ ਕੀਤੇ ਗਏ ਇਸਕੇਸ ਤੋਂ ਬਾਅਦ ਪ੍ਰਬੰਧਕੀ ਕਮੇਟੀ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ ਤੇ ਇਸ ਕਾਲਜ ਦਾ ਸਮੁੱਚਾ ਪ੍ਰਬੰਧ ਇਸ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਸੌਂਪ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਅਕਾਲ ਡਿਗਰੀ ਵੂਮੈੱਨ ਕਾਲਜ ਪਿਛਲੇ ਲੰਮੇ ਸਮੇਂ ਤੋਂ ਫੰਡਾਂ ਵਿੱਚਘਪਲਿਆਂ ਬਾਰੇਖਬਰਾਂ ਵਿੱਚ ਹੈ। ਸ਼ਹਿਰ ਦੇ ਲੋਕਾਂ ਨੇ ਵੱਖ-ਵੱਖ ਸਮੇਂ ਇਸ ਕਾਲਜ ਵਿੱਚ ਫੰਡਾਂ ਦੀ ਘਪਲੇ ਬਾਰੇ ਉੱਚ ਅਧਿਕਾਰੀਆਂ ਨੂੰ ਲਿਖਤੀਪੱਤਰ ਭੇਜੇ ਸਨ, ਜਿਸ ਕਾਰਨ ਅਕਾਲ ਡਿਗਰੀ ਕਾਲਜ ਫਾਰ ਵੂਮੈੱਨ ਦੀ ਮੈਨੇਜਮੈਂਟ ਕਮੇਟੀ ਦੇ ਖ਼ਿਲਾਫ਼ ਲੱਖਾਂ ਰੁਪਏ ਦੇ ਗਬਨ ਬਾਰੇ ਪੁਲਸ ਨੇ ਕਾਰਵਾਈ ਸ਼ੁਰੂ ਕੀਤੀ ਤੇ ਕੇਸ ਦਰਜ ਕਰਨ ਪਿੱਛੋਂ ਸਰਕਾਰ ਕਾਰਵਾਈ ਕਰਨ ਲੱਗੀ ਹੈ।

ਇਸ ਤੋਂ ਪਹਿਲਾਂ ਸੰਗਰੂਰ ਦੇ




*** ਡਿਪਟੀ ਕਮਿਸ਼ਨਰ ਨੂੰ ਚਾਰਜ ਸੌਂਪ ਦਿੱਤਾ ਗਿਆ**

ਕਈ ਪ੍ਰਮੁੱਖ ਲੋਕਾਂ ਨੇ ਅਕਾਲ ਡਿਗਰੀ ਕਾਲਜ ਫਾਰ ਵੂਮੈੱਨ ਦੀ ਮੈਨੇਜਮੈਂਟਵੱਲੋਂ ਗੈਰਕਾਨੂੰਨੀ ਢੰਗ ਤੇ ਧੱਕੇਸ਼ਾਹੀ ਨਾਲ ਫੰਡਾਂ ਦੀ ਦੁਰਵਰਤੋਂ ਦੀ ਸ਼ਿਕਾਇਤ ਕੀਤੀ ਤਾਂ ਇਸ ਦੀ ਜਾਂਚ ਲਈ ਉੱਚ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਨੇ 3 ਜੂਨ 2020 ਜਾਂਚ ਕਮੇਟੀ ਬਣਾ ਕੇ 3 ਜੁਲਾਈ 2020 ਤਕ ਰਿਪੋਰਟ ਦੇਣ ਨੂੰ ਕਿਹਾ ਸੀ। ਜਾਂਚ ਕਮੇਟੀ ਨੇ 13 ਜੁਲਾਈ 2020 ਨੂੰ ਰਿਪੋਰਟ ਦਿੱਤੀ ਅਤੇ 28 ਜਨਵਰੀ 2021 ਨੂੰ ਡੀਪੀਆਈ ਕਾਲਜਿਜ਼ ਨੇ ਰਿਪੋਰਟ ਦੀ ਕਾਪੀ ਭੇਜ ਕੇ ਮੈਨੇਜਮੈਂਟ ਤੋਂ ਜਵਾਬ ਮੰਗਿਆ ਸੀ।ਮੈਨੇਜਮੈਂਟ ਨੇ 14 ਜਨਵਰੀ 2022 ਨੂੰ ਜਵਾਬ ਭੇਜਿਆ ਤਾਂ ਇਸ ਜਵਾਬ ਪਿੱਛੋਂ ਉੱਚ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਨੇ ਇੱਕ ਹੋਰ ਉੱਚ ਪੱਧਰੀ ਕਮੇਟੀ ਬਣਾਈ, ਜਿਸ ਨੇ ਕਾਲਜ ਮੈਨੇਜਮੈਂਟ ਦੇ ਜਵਾਬ ਤੇ ਪੁਰਾਣੀ ਕਮੇਟੀ ਦੀ ਰਿਪੋਰਟ ਦੇਖ ਕੇ ਆਪਣੀ ਰਿਪੋਰਟ ਵਿਭਾਗ ਅਤੇ ਸਰਕਾਰ ਨੂੰ ਦਿੱਤੀ ਸੀ। ਇਸ ਰਿਪੋਰਟ ਉੱਤੇ ਅਗਲੀ ਕਾਰਵਾਈ ਲਈ ਵੱਖ-ਵੱਖ ਪੜਾਵਾਂ ਮਗਰੋਂ ਪਿਛਲੇ ਦਿਨੀਂ ਜ਼ਿਲ੍ਹਾ ਪੁਲਿਸ ਮੁਖੀ ਸੰਗਰੂਰ ਨੂੰ ਇਸ ਰਿਪੋਰਟ ਦੇ ਆਧਾਰ ਉੱਤੇਕੇਸ ਦਰਜ ਕਰਨ ਦੀ ਹਦਾਇਤ ਕੀਤੀ ਗਈ ਸੀ।

# ਇਮਰਾਨ ਖਾਨ ਨੂੰ ਅਦਾਲਤ ਤੋਂ ਝਟਕਾ: ਅਦਾਲਤ ਨੇ ਇਮਰਾਨ ਖਾਨ ਨੂੰ ਵਿਦੇਸ਼ਾਂ ਤੋਂ ਮਿਲੇ ਤੋਹਫਿਆਂ ਦੇ ਵੇਰਵੇ ਜਨਤਕ ਕਰਨ ਦਾ ਹੁਕਮ ਦਿੱਤਾ

ਇਸਲਾਮਾਬਾਦ, 20 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੀ ਇਕ ਅਦਾਲਤ ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਝਟਕਾ ਦਿੰਦੇ ਹੋਏ ਅੱਜ ਬੁੱਧਵਾਰ ਨੂੰ ਸਰਕਾਰ ਨੂੰ ਆਦੇਸ਼ ਦਿੱਤਾ ਕਿ ਅਗਸਤ 2018 ਵਿਚ ਅਹੁਦਾ ਸਾਂਭਣ ਤੋਂ ਬਾਅਦ ਵਿਦੇਸ਼ੀ ਹਸਤੀਆਂ ਤੋਂ ਮਿਲੇ ਤੋਹਫਿਆਂ ਦੇ ਸਾਰੇ ਵੇਰਵੇ ਜਨਤਕ ਕਰ ਦੇਵੇ।

ਇਸਲਾਮਾਬਾਦ ਹਾਈ ਕੋਰਟ ਦੇ ਜਸਟਿਸ ਮੀਆਂ ਗੁਲ ਹਸਨ ਔਰੰਗਜ਼ੇਬ ਨੇ ਦੋ ਪਟੀਸ਼ਨਾਂਦੀ ਸੁਣਵਾਈ ਕਰਦੇ ਹੋਏ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਹੇਠਲੀ ਕੇਂਦਰੀ ਸਰਕਾਰ ਨੂੰ ਪਿਛਲੇ ਪ੍ਰਧਾਨ ਮੰਤਰੀ ਨੂੰ ਮਿਲੇ ਤੋਹਫਿਆਂ ਬਾਰੇ ਇਹ ਨਿਰਦੇਸ਼ ਦਿੱਤਾ ਹੈ।ਇਸ ਤੋਂ ਪਹਿਲਾਂ ਇੱਕ ਨਾਗਰਿਕ ਨੇ ਪਾਕਿਸਤਾਨਦੇ ਸੂਚਨਾ ਕਮਿਸ਼ਨ (ਪੀ ਆਈ ਸੀ) ਦਾ ਆਦੇਸ਼ ਲਾਗੂ ਕਰਨ ਲਈਅਰਜ਼ੀਦਿੱਤੀ ਸੀ। ਇਸ ਨਾਗਰਿਕ ਨੇ ਤੋਹਫਿਆਂ ਦੇ ਵੇਰਵੇ ਜਾਣਣ ਲਈ ਪੀ ਆਈ ਸੀ ਨਾਲ ਸੰਪਰਕ ਕੀਤਾ ਸੀ ਤੇ ਸੂਚਨਾ ਕਮਿਸ਼ਨ ਨੇ ਕੈਬਨਿਟ



ਡਿਵੀਜ਼ਨ ਨੂੰ ਦੂਸਰੇ ਦੇਸ਼ਾਂ ਦੇ ਮੁਖੀਆਂ, ਸਰਕਾਰਾਂ ਅਤੇ ਹੋਰ ਵਿਦੇਸ਼ੀ ਪਤਵੰਤਿਆਂ ਵੱਲੋਂ ਇਮਰਾਨ ਖ਼ਾਨ ਨੂੰ ਦਿੱਤੇ ਤੋਹਫਿਆਂ ਦੀ ਜਾਣਕਾਰੀ ਦੇਣ ਨੂੰ ਕਿਹਾ ਸੀ। ਕੈਬਨਿਟ ਡਿਵੀਜ਼ਨ ਨੂੰ ਇਹ ਸੂਚਨਾ 10 ਵਰਕਿੰਗ ਦਿਨਾਂ ਵਿੱਚ ਸਾਂਝੀ ਕਰਨ ਅਤੇ ਅਧਿਕਾਰਤ ਵੈੱਬਸਾਈਟ ਉੱਤੇ ਅਪਲੋਡ ਕਰਨ ਨੂੰ ਕਿਹਾ ਗਿਆ ਸੀ, ਪਰ ਓਦੋਂ ਪਾਕਿ-ਸਤਾਨ ਤਹਿਰੀਕ-ਏ-ਇਨਸਾਫ਼ ਪਾਰਟੀ ਦੀ ਸਰਕਾਰ ਨੇ ਕਿਹਾ ਸੀ ਕਿ ਕਿਸੇ ਤਰ੍ਹਾਂ ਦੀ ਸੂਚਨਾ ਦਾ ਖੁਲਾਸਾ ਕੁਝ ਦੇਸ਼ਾਂ ਨਾਲ ਸਬੰਧਾਂ ਖਰਾਬ ਕਰ ਸਕਦਾ ਹੈ। ਇਸ ਪਿੱਛੋਂ ਕੈਬਨਿਟ ਡਿਵੀਜ਼ਨ ਨੇ ਕਮਿਸ਼ਨ ਦੇ ਹੁਕਮ ਨੂੰ ਇਸਲਾਮਾਬਾਦ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਅੱਜ ਬੁੱਧਵਾਰ ਨੂੰ ਇਸਲਾਮਾਬਾਦ ਹਾਈ ਕੋਰਟ ਨੇ ਪੀ ਆਈ ਸੀਦਾ ਹੁਕਮ ਕਾਇਮ ਰੱਖਿਆ ਤੇ ਸਾਫ ਕਿਹਾ ਕਿ ਤੋਹਫ਼ੇ ਪ੍ਰਧਾਨ ਮੰਤਰੀ ਦਫ਼ਤਰ ਦੇ ਹਨ, ਘਰ ਲਿਜਾਣ ਲਈ ਨਹੀਂ। ਜਸਟਿਸ ਔਰੰਗਜ਼ੇਬ ਨੇ ਕਿਹਾ ਕਿ ਵਿਦੇਸ਼ੀ ਸਰਕਾਰਾਂ ਤੋਂ ਸਰਕਾਰੀ ਅਧਿਕਾਰੀਆਂ ਨੂੰ ਮਿਲੇ ਤੋਹਫ਼ੇ ਪਾਕਿਸਤਾਨ ਸਰਕਾਰ ਦੇ ਹਨ, ਕੁਝ ਲੋਕਾਂ ਦੇ ਨਹੀਂ। ਉਨ੍ਹਾਂ ਕਿਹਾ ਕਿ ਇਹ ਤੋਹਫ਼ੇ ਘਰ ਲਿਜਾਣ ਲਈ ਨਹੀਂ ਤੇ ਜੇ ਕੋਈ ਇਨ੍ਹਾਂ ਨੂੰ ਲੈ ਗਿਆ ਤਾਂ ਵਾਪਸ ਲਏ ਜਾਣ। ਐਕਸਪ੍ਰੈਸ ਟ੍ਰਿਬਿਊਨ ਅਖ਼ਬਾਰ ਦੀ ਰਿਪੋਰਟ ਮੁਤਾਬਕ ਅਦਾਲਤ ਨੇ ਕਿਹਾ ਕਿ ਲੋਕ ਆਉਂਦੇ-ਜਾਂਦੇ ਰਹਿੰਦੇ ਹਨ, ਪਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਦਾ ਦਫ਼ਤਰ ਪੱਕਾ ਹੈ। ਕੋਰਟ ਨੇ ਕਿਹਾ ਕਿ ਸੂਚਨਾ ਦੀ ਜਾਣਕਾਰੀ ਪਟੀਸ਼ਨਰ ਨੂੰ ਦਿੱਤੀ ਜਾਵੇ ਕਿਉਂਕਿ ਸੂਚਨਾਦੇਣ ਵਿਰੁੱਧ ਕੋਈ ਰੋਕ ਨਹੀਂ ਹੈ। ਅਦਾਲਤ ਨੇ ਕਿਹਾ ਕਿ ਸਰਕਾਰੀ ਤੋਹਫਿਆਂ ਨੂੰ ਮਾਮੂਲੀ ਰਕਮ ਦੇ ਕੇ ਖਰੀਦ ਕਰਨ ਦੀ ਨੀਤੀ ਨਹੀਂ ਹੋਣੀ ਚਾਹੀਦੀ, ਇਸ ਨੀਤੀ ਦਾ ਅਰਥ ਹੈ ਕਿ ਇਹ ਤੋਹਫ਼ੇ ਵਿਕਾਊ ਹਨ।

# ਪਾਕਿਸਤਾਨ ਦੀ ਨਵੀਂ ਸੂਚਨਾ ਮੰਤਰੀ ਮਰੀਅਮ ਨੇ ਮੀਡੀਆ ਵਾਲਿਆਂ ਦਾ ਸਾਹ ਸੌਖਾਲਾ ਕੀਤਾ

*** ਪਾਬੰਦੀਆਂ ਵਾਲੀ ਅਥਾਰਟੀ ਭੰਗ ਕਰਨ ਦਾ ਐਲਾਨ**

ਇਸਲਾਮਾਬਾਦ, 20 ਅਪਰੈਲ, (ਪੋਸਟ ਬਿਊਰੋ)- ਪਾਕਿਸਤਾਨ ਦੀ ਨਵ-ਨਿਯੁਕਤ ਸੂਚਨਾ ਮੰਤਰੀ ਮਰੀਅਮ ਔਰੰਗਜ਼ੇਬ ਨੇ ਪਾਕਿਸਤਾਨ ਮੀਡੀਆ ਵਿਕਾਸ ਅਥਾਰਟੀ (ਪੀ ਐੱਮ ਡੀ ਏ) ਨੂੰ ਭੰਗ ਕਰਨ ਦਾ ਐਲਾਨ ਕੀਤਾ ਹੈ।

ਵਰਨਣ ਯੋਗ ਹੈ ਕਿ ਮਰੀਅਮ ਔਰੰਗਜ਼ੇਬ ਨੇ ਸੂਚਨਾ ਮੰਤਰੀ ਵਜੋਂ ਸਹੁੰ ਚੁੱਕਣ ਸਮੇਂ ਐਲਾਨ ਕੀਤਾ ਸੀ ਕਿ ਅੱਗੇ ਤੋਂ ਲੋਕਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਦੇ ਸੰਵਿਧਾਨਕ ਅਧਿਕਾਰ ਸੀਮਤ ਕੋਈ ਕਾਲਾ ਕਾਨੂੰਨ ਬਣਾਇਆ ਜਾਂ ਲਾਗੂ ਨਹੀਂ ਕੀਤਾ ਜਾਵੇਗਾ।ਉਨ੍ਹਾ ਕਿਹਾ ਕਿ ਪਹਿਲਾਂ ਦਬਾਅ ਹੇਠ ਮੀਡੀਆ ਦੀ ਆਵਾਜ਼ ਸੀਮਤ ਕਰਨ ਦਾਇੱਕ ਕਾਲਾ ਕਾਨੂੰਨ (ਪੀ ਐੱਮ ਡੀ ਏ ਦੇ ਰੂਪ ਵਿੱਚ) ਲਿਆਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਮੈਂ ਐਲਾਨ ਕਰਦੀ ਹਾਂ ਕਿ ਪੀ ਐੱਮ ਡੀ ਏਅੱਜ ਤੱਕ ਜਿਸ ਵੀ ਰੂਪ ਕੰਮ ਕਰ ਰਿਹਾ ਸੀ, ਉਸ ਨੂੰ ਭੰਗ ਕੀਤਾ ਜਾ ਰਿਹਾ ਹੈ।

ਮਰੀਅਮ ਔਰੰਗਜ਼ੇਬ ਨੇ ਪ੍ਰੈਸ ਕਾਨਫਰੰਸ ਤੋਂ ਪਹਿਲਾਂ ਮਤੀਉੱਲਾ ਜਾਨ, ਹਾਮਿਦ ਮੀਰ ਅਤੇ ਅਸਦ ਤੂਰ ਸਮੇਤ ਸਾਰੇ ਪੱਤਰਕਾਰਾਂ ਅਤੇ ਉਨ੍ਹਾਂ ਲੋਕਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ, ਜਿਨ੍ਹਾਂ ਦੇ ਪ੍ਰੋਗਰਾਮ ਪਿਛਲੀ ਸਰਕਾਰ ਨੇ ਬੰਦ ਕਰ ਦਿੱਤੇ ਸਨ।ਉਨ੍ਹਾਂ ਕਿਹਾ ਕਿ ਮੀਡੀਆ ਸੰਸਥਾਵਾਂ ਸਮੇਤ ਸਾਰੇ ਸੰਬੰਧਤ ਲੋਕਾਂ ਦੀ ਐਕਸ਼ਨ ਕਮੇਟੀ ਮੀਡੀਆ ਨੂੰ ਦਰਪੇਸ਼ ਚੁਣੌਤੀਆਂ ਤੇ ਸਮੱਸਿਆਵਾਂ ਬਾਰੇ ਵਿਚਾਰ ਕਰਨ ਲਈ ਮੀਟਿੰਗ ਕਰੇਗੀ ਤਾਂ ਜੋ ਕੋਈ ਵਿਚਲਾ ਰਾਹ ਲੱਭਿਆ ਜਾਵੇ, ਜੋ ਵਿਹਾਰਕ ਤੇ ਸਾਰਿਆਂ ਲਈ ਮੰਨਣ ਯੋਗ ਹੋਵੇ।ਮਰੀਅਮ ਕਿਹਾ ਕਿ ਪਹਿਲਾਂ ਤੋਂ ਕੰਮ ਕਰਦੀ ਪਾਕਿਸਤਾਨ ਇਲੈਕਟ੍ਰਾਨਿਕ ਮੀਡੀਆ ਰੈਗੂਲੇਟਰੀ ਅਥਾਰਟੀ (ਪੇਮਰਾ) ਤੋਂ ਬਿਨਾ ਕੋਈ ਅਥਾਰਟੀ ਨਹੀਂ ਬਣਾਈ ਜਾਵੇਗੀ।



ਬੀਤੇ ਸਾਲ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਦੀ ਸਰਕਾਰ ਵੱਲੋਂਪੀ ਐੱਮ ਡੀ ਏਬਣਾਉਣ ਦੀ ਪੱਤਰਕਾਰਾਂ, ਕਾਰਕੁਨਾਂ ਤੇ ਉਸ ਸਮੇਂ ਦੀ ਵਿਰੋਧੀ ਧਿਰ ਨੇ ਸਖ਼ਤ ਆਲੋਚ-ਨਾ ਕੀਤੀ ਸੀ। ਇਸ ਅਥਾਰਟੀ ਦੇ ਬਣਨ ਪਿੱਛੋਂਪੀ ਐੱਮ ਡੀ ਏ ਪਾਕਿ-ਸਤਾਨ ਵਿੱਚ ਪ੍ਰਿੰਟ, ਟੈਲੀਕਾਸਤ ਅਤੇ ਡਿਜੀਟਲ ਮੀਡੀਆ ਦੇ ਨਿਯਮ ਲਈ ਪੂਰੀ ਜ਼ਿੰਮੇਵਾਰ ਸੀ। ਮਰੀਅਮ ਔਰੰਗਜ਼ੇਬ ਨੇ ਕਾਲੇ ਕਾਨੂੰਨ: ਇਲੈਕਟ੍ਰਾਨਿਕ ਕ੍ਰਾਈਮਜ਼ (ਸੋਧ) ਆਰਡੀਨੈਂਸ, 2022 ਨੂੰ ਵੀ ਯਾਦ ਕੀਤਾ, ਜਿਸ ਨੂੰ ਪਿਛਲੀ ਸਰਕਾਰ ਨੇ ਪਾਸ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਬਾਅਦ ਵਿੱਚ ਇਸਲਾਮਾਬਾਦ ਹਾਈ ਕੋਰਟ (ਆਈਐੱਚਸੀ) ਨੇ ਇਸਨੂੰ ਰੱਦ ਕਰ ਦਿੱਤਾ ਤਾਂ ਇਹ ਲਾਗੂ ਹੋਣ ਤੋਂ ਰੁਕ ਗਿਆ ਸੀ।

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
FAMILY LAWYER
• Child & Spousal support
• Custody & Access
• Divorce
• Equalization
IMMIGRATION
• Skilled Worker Category
• Spousal & Family Sponsorship
• Student Permits Visa & Renewals
• PR Renewal/ Citizenship Application
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

# ਅਮਰਜੋਤ ਸੰਧੂ ਦਾ ਕੈਂਪੇਨ ਲਾਂਚ ਪ੍ਰੋਗਰਾਮ 23 ਨੂੰ




ਬਰੈਂਪਟਨ, 20 ਅਪ੍ਰੈਲ (ਪੋਸਟ ਬਿਊਰੋ)- ਓਂਟਾਰੀਓ ਪੀਸੀ ਪਾਰਟੀ ਵਲੋਂ ਬਰੈਂਪਟਨ ਵੈਸਟ ਤੋਂ ਉਮੀਦਵਾਰ ਅਮਰਜੋਤ ਸੰਧੂ ਦਾ ਕੈਂਪੇਨ ਲਾਂਚ ਪ੍ਰੋਗਰਾਮ ਸ਼ਨੀਵਾਰ 23 ਅਪ੍ਰੈਲ ਸਵੇਰੇ 11:30 ਵਜੇ, 170 Bovaird Drive West, Unit 13, Brampton ਵਿਖੇ ਹੋ ਰਿਹਾ ਹੈ। ਇਸ ਦੌਰਾਨ ਖੁੱਲ੍ਹੀ ਵਿਚਾਰ ਚਰਚਾ ਹੋਵੇਗੀ ਜਿਸ ਵਿਚ ਵਿਸ਼ੇਸ਼ ਮਹਿਮਾਨ ਜੁੜਨਗੇ। ਇਸ ਦੌਰਾਨ ਖਾਣ ਪੀਣ ਦਾ ਵੀ ਵਿਸ਼ੇਸ਼ ਪ੍ਰਬੰਧ ਹੋਵੇਗਾ। ਵਧੇਰੇ ਜਾਣਕਾਰੀ ਲਈ 905-239-5200 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਾਰਾ ਸਿੰਘ ਦੇ ਨਵੇਂ ਦਫਤਰ ਦਾ ਉਦਘਾਟਨ 23 ਅਪ੍ਰੈਲ ਨੂੰ




ਬਰੈਂਪਟਨ, 20 ਅਪ੍ਰੈਲ (ਪੋਸਟ ਬਿਊਰੋ)- ਬਰੈਂਪਟਨ ਸੈਂਟਰ ਤੋਂ ਐਨਡੀਪੀ ਉਮੀਦਵਾਰ ਸਾਰਾ ਸਿੰਘ ਆਪਣਾ ਨਵਾਂ ਦਫਤਰ 50 Kennedy Rd S. Brampton, ON, L6W 3E7, Unit 10 Bovaird ਵਿਖੇ ਖੋਲ੍ਹਣ ਜਾ ਰਹ ਹਨ। ਜਿਸ ਦਾ ਉਦਘਾਟਨ ਸ਼ਨੀਵਾਰ 23 ਅਪ੍ਰੈਲ ਨੂੰ ਦੁਪਹਿਰ 12 ਵਜੇ ਕੀਤਾ ਜਾ ਰਿਹਾ ਹੈ।

## ਮਿੰਨੀ ਕਹਾਣੀ

## ਹਿੱਸਾ

-ਡਾਕਟਰ ਪੁਸ਼ਪ ਜਮੁਆਰ

ਜਾਇਦਾਦ ਦੀ ਵੰਡ ਪੈ ਚੁੱਕੀ ਸੀ। ਮਾਂ-ਬਾਪ ਦੀ ਵੰਡ ਬਾਕੀ ਸੀ। ਵੱਡਾ ਬੇਟਾ, "ਪਿਤਾ ਜੀ ਮੇਰੇ ਨਾਲ ਰਹਿਣਗੇ ਅਤੇ ਮਾਂਛੋਟੇ ਨਾਲ।" ਛੋਟਾ ਬੇਟਾ ਖੁਸ਼ ਹੋਇਆ ਕਿ ਮੇਰੇ ਹਿੱਸੇਮਾਂ ਆਈ। ਐਨਾ ਸੁਣ ਕੇ ਨੂੰਹ ਨੇ ਮਨ ਵਿੱਚ ਸੋਚਿਆ ਕਿ ਕੱਲ੍ਹ ਤੋਂ ਨੌਕਰਾਣੀ ਹਟਾ ਦੇਵਾਂਗੇ। ਮਹੀਨੇ ਵਿੱਚ ਅੱਠ-ਦਸ ਹਜ਼ਾਰ ਦੀ ਬੱਚਤ ਹੋਵੇਗੀ ਅਤੇ ਰਸੋਈ ਸੱਸ ਦੇ ਜਿੰਮੇ, ਮੈਨੂੰ ਆਰਾਮ ਮਿਲੇਗਾ। ਉਹ ਮੁਸਕਰਾਉਂਦੀ ਹੋਈ ਬੋਲੀ, "ਠੀਕ ਹੈ ਹੈ ਜੇਠਾਣੀ ਜੀ, ਮੇਰੇ ਹਿੱਸੇ ਵਿੱਚ ਮਾਂ ਹੀ ਰਹੇਗੀ। ਮੈਨੂੰ ਕਬੂਲ ਹੈ।"

ਵੱਡੀ ਨੂੰਹ ਨੇ ਸੋਚਿਆ ਕਿ ਪੱਚੀ ਹਜ਼ਾਰ ਰੁਪਏ ਪੈਨਸ਼ਨ ਵਾਲੇ ਸਹੁਰੇ ਨੂੰ ਰੱਖਣ ਵਿੱਚ ਘਾਟਾ ਨਹੀਂ। ਕੀ ਹੋਇਆ ਜੇ ਉਹ ਵੀਲ੍ਹਚੇਅਰ ਉੱਤੇ ਹੈ, ਫਿਰ ਵੀ ਘਾਟਾ ਨਹੀਂ ਅਤੇ ਉਹ ਮੰਦ-ਮੰਦ ਮੁਸਕੁਰਾਉਣ ਲੱਗੀ।

ਦੋਵੇਂ ਖੁਸ਼, ਮਾਂ-ਬਾਪ ਦੀ ਅੰਦਰਲੀ ਪੀੜ ਉੱਤੇ ਕਿਸੇ ਨੇ ਨਜ਼ਰ ਨਹੀਂ ਮਾਰੀ। ਫਿਰ ਮਾਂ ਨੇ ਦੁਖੀ ਮਨ ਨਾਲ ਕਿਹਾ, "ਬੇਟਾ, ਤੁਸੀਂ ਦੋਵੇਂ ਆਪਣੇ ਹਿੱਸੇ ਉੱਤੇ ਖੁਸ਼ ਹੋ ਕਿ ਮਨਚਾਹੀ ਮੁਰਾਦ ਪੂਰੀ ਹੋ ਗਈ, ਪਰ ਸਾਡੇ ਦੋਵਾਂ ਦੇ ਹਿੱਸੇ ਵਿੱਚ ਜੁਦਾਈ ਆਈ। ਉਸ ਤੇ ਛੋਟੇ, ਮੇਰੇ ਹਿੱਸੇ ਵਿੱਚ ਤੁਹਾਡੇ ਘਰ ਦਾ ਚੌਂਕ-ਚੁੱਲ੍ਹਾ, ਭਾਂਡੇ, ਬੱਚਿਆਂ ਦੀ ਨੌਕਰਾਣੀ ਬਣਨ ਦੇ ਨਾਲ-ਨਾਲ ਰਸੋਈ ਘਰ ਵੀ ਆਵੇਗਾ। ਮੈਨੂੰ ਕਬੂਲ ਨਹੀਂ। ਮੈਂ ਆਪਣੇ ਅਪਾਹਜ਼ ਪਤੀ ਦੇ ਹਿੱਸੇ ਦਾ ਭਾਗ ਹਾਂ। ਜਾਇਦਾਦ ਦੀ ਵੰਡ ਹੋ ਚੁੱਕੀ ਹੈ। ਆਪਣਾ-ਆਪਣਾ ਹਿੱਸਾ ਲਵੋ ਤੇ ਜਾਵੋ। ਜਦ ਵੀ ਮੇਰੀ ਆਵੇ, ਮੇਰੇ ਕੋਲ ਆ ਜਾਣਾ। ਐਨਾ ਕਹਿ ਕੇ ਸਰਲਾ ਨੇ ਆਪਣੇ ਪਤੀ ਦੀ ਵ੍ਹੀਲਚੇਅਰ ਨੂੰ ਆਪਣੇ ਵੱਲ ਮੋੜ ਲਿਆ।"

ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਨਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਜਦੋਂ ਮੇਰੇ ਤੇ ਨਸਲਭੇਦ ਦੇ ਦੋਸ਼ ਲੱਗੇ !

ਪਿਛਲੇ 11 ਸਾਲ ਤੋਂ ਸਰਕਾਰੀ ਅਧਿਆਪਕ ਵਜੋਂ ਤਿੰਨ-ਚਾਰ ਜਿਲਿਆਂ ਵਿੱਚ ਵੱਖ-ਵੱਖ ਸਕੂਲਾਂ ਤੇ ਦਫਤਰਾਂ 'ਚ ਵਿਚਰਦਿਆਂ ਬਹੁਤ ਸਾਰੀਆਂ ਦਿਲਚਸਪ ਕੌੜੀਆਂ-ਮਿੱਠੀਆਂ ਘਟਨਾਵਾਂ ਨਾਲ ਨਜਿੱਠਣ ਦਾ ਮੌਕਾ ਮਿਲਿਆ ਏ। ਚਾਰ-ਪੰਜ ਕੁ ਸਾਲ ਪਹਿਲਾਂ ਇਸੇ ਤਰਾਂ ਦੀ ਹੀ ਇਕ ਘਟਨਾ ਦਾ ਜਿਕਰ ਅੱਜ ਕਰ ਰਿਹਾ ਹਾਂ। ਉਸ ਸਮੇਂ ਮੇਰੇ ਮਿਡਲ ਸਕੂਲ ਵਿੱਚ ਮੈਂ ਇਕੱਲਾ ਈ ਅਧਿਆਪਕ ਸੀ। ਮੈਂ ਰੋਜ ਤਰਾਂ ਈ ਉਸ ਦਿਨ ਵੀ ਸਕੂਲ ਸਮੇਂ ਤੋਂ 15 ਕੁ ਮਿੰਟ ਪਹਿਲਾਂ ਆਪਣੀ ਕਰਮਭੂਮੀ ਪਿੰਡ ਚੱਕ ਪੱਖੀ ਪਹੁੰਚ ਗਿਆ। ਮੈਂ ਹਾਜ਼ਰੀ ਲਗਾ ਕੇ ਪ੍ਰਾਰਥਨਾ ਤੋਂ ਪਹਿਲਾਂ ਵਿਦਿਆਰਥੀਆਂ ਕੋਲ ਖੜ੍ਹਾ ਈ ਸੀ ਕਿ ਸਕੂਲ ਦੇ ਮੁੱਖ ਗੇਟ ਕੋਲ ਸਾੜੀ ਵਿੱਚ ਪੱਕੇ ਜਿਹੇ ਰੰਗ ਦੀ ਪੈਂਤੀ ਕੁ ਸਾਲਾ ਇਕ ਪ੍ਰਵਾਸੀ ਔਰਤ ਬਹੁਤ ਜਬਰਦਸਤ ਗੁੱਸੇ ਵਿੱਚ ਖੜੀ ਗਾਲਾਂ ਮੀਂਹ ਵਾਗ ਵਰਾ ਰਹੀ ਸੀ। ਅਸਲ ਵਿੱਚ ਤਾਂ ਮੈਨੂੰ ਉਸ ਭੋਲੀ ਜਿਹੀ ਜਾਪਦੀ ਭੈਣ ਦੀ ਪੰਜਾਬੀ-ਹਿੰਦੀ ਦੇ ਮਿਲਗੋਭੇ ਜਿਹੀ ਭਾਸ਼ਾ ਵਿੱਚ ਘੱਟ ਸਮਝ ਆ ਰਹੀਆਂ ਗਾਲ੍ਹਾਂ ਸੁਣ ਕੇ ਹਾਸਾ ਜਿਹਾ ਆ ਰਿਹਾ ਸੀ ਪਰ ਇਸੇ ਗਾਲ੍ਹਾਂ ਦੀ ਚੱਲਦੀ ਹਨੇਰੀ ਦੌਰਾਨ ਅੱਠਵੀਂ ਜਮਾਤ ਦੇ ਇਕ ਸ਼ਰਾਰਤੀ ਜਿਹੇ ਬੱਚੇ ਨੇ ਮੈਨੂੰ ਹੋਲੀ ਜਿਹੀ ਕਿਹਾ,"ਸਰ ਜੀ, ਇਹ ਆਪਣੇ ਸੱਤਵੀਂ ਆਲੇ ਕਨ੍ਹਈਆ ਦੀ ਮੰਮੀ ਏ 'ਤੇ ਗਾਲ੍ਹਾਂ ਵੀ ਤੁਹਾਨੂੰ ਈ ਕੱਢ ਰਹੀ ਏ"।

ਮੈਂ ਹੈਰਾਨ ਹੋਇਆ 'ਤੇ ਫੇਰ ਉਸ ਪ੍ਰਵਾਸੀ ਭੈਣ ਵੱਲੋਂ ਮਚਾਏ ਜਾ ਰਹੇ ਸ਼ੋਰ ਨੂੰ ਧਿਆਨ ਨਾਲ ਸੁਣ ਕੇ ਸਮਝਣ ਦੀ ਕੋਸ਼ਿਸ਼ ਕਰਨ ਲੱਗਾ ਕਿ ਅਸਲ 'ਚ ਮਾਜਰਾ ਕੀ ਏ ? ਉਸ ਵੱਲੋਂ ਵਾਰ-ਵਾਰ ਗੁੱਸੇ 'ਚ ਬੋਲੀ ਜਾ ਰਹੀ ਇਕੋ ਲਾਈਨ, "ਰਾਵਾਂ ਕਾ ਲਰਕਾ ਸੋਨੇ ਕਾ ਲਰਕਾ, ਭਈਯਾਂ ਕਾ ਲਰਕਾ ਮਿੱਟੀ ਕਾ ਲਰਕਾ ਹੋ ਗਿਆ" ਨਾਲ ਮੈਨੂੰ ਮਾਮਲਾ ਕੁਝ-ਕੁਝ ਤਾਂ ਸਮਝ ਆਉਣ ਲੱਗ ਪਿਆ। ਦਰਅਸਲ ਉਹ ਔਰਤ ਮੇਰੇ ਤੇ ਨਸਲਭੇਦ ਦਾ ਇਲਜ਼ਾਮ ਲਗਾ ਰਹੀ ਸੀ। ਉਸਦਾ ਮੇਰੇ ਤੇ ਸਿੱਧਾ ਇਲਜ਼ਾਮ ਸੀ ਕਿ ਤੈਨੂੰ ਰਾਏਸਿਖ ਬਰਾਦਰੀ ਆਲਿਆਂ ਦਾ ਮੁੰਡਾ ਤਾਂ ਸੋਨੇ ਦਾ ਮੁੰਡਾ ਜਾਪਦਾ ਏ, 'ਤੇ ਤੂੰ ਪ੍ਰਵਾਸੀ ਭਈਆਂ ਦੇ ਮੁੰਡੇ ਨੂੰ ਮਿੱਟੀ ਵਾਂਗ ਸਮਝਦਾ ਏ। ਮੇਰੇ ਤੇ ਸ਼ਰੇਆਮ ਪੱਖਪਾਤ ਦਾ ਦੋਸ਼ ਲੱਗ ਰਿਹਾ ਸੀ ਪਰ ਮੈਂ ਮਾਮਲੇ ਤੋਂ ਹਜੇ ਵੀ ਅਣਜਾਣ ਸਾਂ। ਇੰਨੇ ਨੂੰ ਈ ਉੱਧਰੋਂ ਗਰਾਊਂਡ ਵੱਲੋਂ ਖੇਡਦਾ ਕਨ੍ਹਈਆ ਭੱਜ ਕੇ ਆਪਣੀ ਮੰਮੀ ਕੋਲ ਚਲਾ ਗਿਆ। ਉਸਨੇ ਆਪਣੀ ਭਾਸ਼ਾ ਵਿੱਚ ਆਪਣੀ ਮਾਂ ਤੋਂ ਗੱਲ ਪੁੱਛਣ ਤੋਂ ਬਾਅਦ ਫੇਰ ਕਈ ਦੇਰ ਤੀਕ ਜਦੋਂ ਉਸ ਨੂੰ ਕੁੱਝ ਸਮਝਾਇਆ ਤਾਂ ਉਸਦੀ ਮਾਂ ਇਕਦਮ ਸ਼ਾਂਤ ਹੋ ਗਈ ਤੇ ਨਲਕੇ ਤੇ ਪਾਣੀ ਪੀਣ ਲੱਗ ਗਈ ਤਾਂ ਹੁਣ ਮੇਰੀ ਵੀ ਜਾਨ ਵਿੱਚ ਜਾਨ ਆ ਗਈ ਸੀ।

ਦਰਅਸਲ ਮੈਂ ਭਾਵੇਂ ਸਹਿਜ ਹੋਣ ਦਾ ਦਿਖਾਵਾ ਕਰ ਰਿਹਾ ਸੀ ਪਰ ਅਜਿਹੇ ਮੌਕੇ ਘਬਰਾਹਟ ਤਾਂ ਹੋ ਈ ਜਾਂਦੀ ਏ। ਮੈਂ ਕਨ੍ਹਈਏ ਨੂੰ ਆਵਾਜ ਮਾਰ ਬੁਲਾਇਆ ਤੇ ਕਿਹਾ, "ਤੇਰੀ ਮੰਮੀ ਰੌਲਾ ਕਿਉਂ ਪਾ ਰਹੀ ਸੀ,



ਅਸ਼ੋਕ ਸੋਨੀ ਕਾਲਮਨਵੀਸ

ਰੌਲਾ ਕੀ ਏ"। ਮਾਸੂਮ ਤੇ ਹੋਣਹਾਰ ਕਨ੍ਹਈਆ ਸ਼ਰਮਿੰਦਾ ਜਿਹਾ ਹੋਇਆ ਕੋਲ ਆ ਕੇ ਕਹਿੰਦਾ, "ਸਰ ਜੀ, ਕੱਲ ਛੁੱਟੀ ਤੋ ਬਾਅਦ ਸਕੂਲ ਤੋਂ ਘਰ ਜਾਂਦੇ ਸਮੇਂ ਮੇਰੀ ਤੇ ਗੁਰਵਿੰਦਰ ਦੀ ਨਹਿਰ ਕੋਲ ਜਾਂਦਿਆ ਲੜਾਈ ਹੋ ਗਈ, ਬਾਕੀ ਬੱਚੇ ਵੀ ਸਾਨੂੰ ਛੇੜ-ਛੇੜ ਕੇ ਲੜਾਉਣ ਲੱਗ ਪਏ ਤੇ ਅਸੀਂ ਥੱਪੜੋ-ਥੱਪੜੀ ਹੋ ਗਏ। ਉਸੇ ਸਮੇਂ, ਉੱਥੇ ਈ ਨਹਿਰ ਤੇ ਗੁਰਵਿੰਦਰ ਦੀ ਮੰਮੀ ਆਪਣੇ ਬੰਨ੍ਹੇ ਹੋਏ ਪਸ਼ੂਆਂ ਕੋਲ ਗੇੜਾ ਮਾਰਨ ਆਈ ਹੋਈ ਸੀ, ਉਹ ਵੀ ਸਾਡੇ ਕੋਲ ਆ ਗਈ"। "ਤੁਹਾਨੂੰ ਨਾਲ ਆਲੇ ਮੁੰਡਿਆਂ ਨੇ ਛੁਡਾਇਆ ਤਾਂ ਹੋਣਾ ਈ ਏ", ਮੈਂ ਵਿੱਚੋਂ ਟੋਕਦਿਆਂ ਕਿਹਾ। ਉਹਨੇਂ ਅੱਗੋਂ ਦੱਸਦਿਆਂ ਕਿਹਾ,"ਨਹੀਂ, ਸਰ ਜੀ ਉਹ ਤਾਂ ਗੋਲ ਘੇਰੇ ਵਿੱਚ ਸਾਨੂੰ ਲੜਾ ਕੇ ਲੜਾਈ ਵੇਖਣ ਦਾ ਆਨੰਦ ਲੈ ਰਹੇ ਸੀ, ਫੇਰ ਗੁਰਵਿੰਦਰ ਦੀ ਮੰਮੀ ਨੇ ਜਦੋਂ ਵਿੱਚ ਪੈ ਕੇ ਦੋ ਥੱਪੜ ਗੁਰਵਿੰਦਰ ਦੇ ਠੋਕੇ ਤੇ ਦੋ ਕੁ ਮੇਰੇ ਵੀ ਲਾਈਆਂ ਤਾਂ ਲੜਾਈ ਮੁੱਕ ਗਈ ਤੇ ਅਸੀਂ ਆਪਣੇ-ਆਪਣੇ ਘਰੇ ਚਲੇ ਗਏ"। "ਯਾਰ, ਫੇਰ ਤੇਰੀ ਮੰਮੀ ਮੈਨੂੰ ਕਿਉਂ ਗਾਲ੍ਹਾਂ ਦਾ ਪ੍ਰਸ਼ਾਦ ਵੰਡ ਰਹੀ ਸੀ"। ਮੈਂ ਫੇਰ ਸਵਾਲ ਕੀਤਾ ਕਿਉਂਕਿ ਮੈਨੂੰ ਹਜੇ ਵੀ ਨਸਲਭੇਦ ਆਲੇ ਸਵਾਲ ਦਾ ਜਵਾਬ ਨ੍ਹੀਂ ਮਿ-ਲਆ ਸੀ।

ਉਸਨੇ ਦੱਸਿਆ, "ਸਰ ਜੀ, ਸਾਡੇ ਨਾਲ ਈ ਇਕ ਹੋਰ ਘਰ ਬੈਠਾ ਏ, ਨਹਿਰ 'ਤੇ ਜਿੰਨਾਂ ਦੀ ਕੁੜੀ ਰੀਮਾ ਵੀ ਪਹਿਲਾਂ ਆਪਣੇ ਸਕੂਲ ਈ ਪੜ੍ਹਦੀ ਸੀ, ਰੀਮਾ ਦੀ ਮੰਮੀ ਨੇ ਵੀ ਕੱਲ੍ਹ ਸਾਡੀ ਲੜਾਈ ਦੇਖ ਲਈ ਸੀ। ਮੈਂ ਤਾਂ ਕੱਲ੍ਹ ਘਰੇ ਜਾ ਕੇ ਕੋਈ ਗੱਲ ਈ ਨ੍ਹੀਂ ਕੀਤੀ ਸੀ ਪਰ ਹੁਣ ਸਵੇਰੇ ਮੇਰੇ ਸਕੂਲ ਆਉਣ ਤੋਂ ਬਾਅਦ ਰੀਮਾ ਦੀ ਮੰਮੀ ਨੇ ਮੇਰੀ ਮੰਮੀ ਨੂੰ ਭੜਕਾ ਦਿੱਤਾ ਤੇ ਕਿਹਾ ਏ ਕਿ ਤੇਰੇ ਕਨ੍ਹਈਆ ਨੂੰ ਤਾਂ ਨਹਿਰ ਤੇ ਗੁਰਵਿੰ-ਦਰ ਤੇ ਉਸਦੀ ਮਾਂ ਨੇ ਕੁੱਟਿਆ ਏ ਤੇ ਸਕੂਲ ਆਲਾ ਮਾਸਟਰ ਅਸ਼ੋਕ ਵੀ ਉਨਾਂ ਦੇ ਈ ਨਾਲ ਏ ਉਹਨੇ ਵੀ ਨ੍ਹੀਂ ਰੋਕਿਆ, ਆਪਾਂ ਪ੍ਰਵਾਸੀ ਲੋਕ ਆਂ ਤਾਂ ਕਰਕੇ ਮਾਸਟਰ ਵੀ ਉੱਧਰ ਈ ਚੱਲਦਾ ਏ। ਸਰ ਜੀ, ਮੇਰੀ ਮੰਮੀ ਨੂੰ ਗੁੱਸਾ ਬਹੁਤ ਆਉਂਦਾ ਏ ਪਰ ਹੁਣ ਜਦੋਂ ਮੈਂ ਅਸਲ ਸੱਚ ਦੱਸਿਆ ਏ ਤਾਂ ਉਹਨੂੰ ਆਪਣੀ ਕਹੀਆਂ ਗੱਲਾਂ ਤੇ ਪਛਤਾਵਾ ਹੋਇਆ ਏ"। ਸਾਰਾ ਮਾਮਲਾ ਮੇਰੇ ਸਮਝ 'ਚ ਆ ਗਿਆ, ਦਰਅਸਲ ਰੀਮਾ ਦੇ ਵਾਰ-ਵਾਰ ਸਕੂਲ ਤੋਂ ਲੰਬੀ ਗੈਰਹਾਜ਼ਰੀ ਬਾਰੇ ਕਹਿਣ ਕਾਰਨ ਉਸਦੀ ਮੰਮੀ ਦੇ ਮੰਨ੍ਹ ਅੰਦਰ ਮੇਰੇ ਪ੍ਰਤਿ ਕੁੜੱਤਣ ਸੀ, ਜਿਸ ਕਰਕੇ ਉਸਨੇ ਆਪਣੀ ਪ੍ਰਵਾਸੀ ਪੜੋਸਣ ਨੂੰ ਖੇਤਰਵਾਦ ਦਾ ਇਮੋਸ਼ਨਲ ਟੀਕਾ ਲਾ ਕੇ ਮੇਰੇ ਵੱਲ ਤੋਰਤਾ। ਮੈਂ ਪ੍ਰਾਰਥਨਾ ਕਰਵਾਈ ਤੇ ਗੁਰਵਿੰਦਰ ਤੇ ਕਨ੍ਹਈਆ ਨੂੰ ਦੋਵਾਂ ਨੂੰ ਤਾੜਨ ਤੋਂ ਬਾਅਦ ਉਨਾਂ ਦੀ ਲੜਾਈ ਦਾ ਦਰਸ਼ਕ ਬਣਕੇ ਆਨੰਦ ਲੈਣ ਵਾਲੇ ਸਾਰੇ ਮੁੰਡਿਆਂ ਨੂੰ ਵੀ ਰੱਜ ਕੇ ਸ਼ਰਮਿੰਦਾ ਕੀਤਾ। ਸਾਰੇ ਵਿਦਿਆਰਥੀ ਰਾਸ਼ਟਰ ਗਾਨ ਤੋਂ ਬਾਅਦ ਜਮਾਤਾਂ 'ਚ ਚਲੇ ਗਏ। ਕਨ੍ਹਈਆ ਆਪਣੀ ਮਾਂ ਨੂੰ ਮੇਰੇ ਕੋਲ ਲੈ ਕੇ ਆਇਆ, ਉਸਦੀ ਮਾਂ ਦੀ ਚੁੱਪੀ ਵਿੱਚ ਪਛਤਾਵਾ ਤੇ ਸ਼ਰਮਿੰਦਗੀ ਸਾਫ ਦਿਖਾਈ ਦੇ ਰਹੇ ਸਨ। ਮੈਂ ਕਿਹਾ, "ਭੈਣ ਜੀ, ਤੁਸੀਂ ਪਹਿਲਾਂ ਆ ਕੇ ਸੱਚਾਈ ਤਾਂ ਜਾਣ ਲੈਂਦੇ ਕਿ ਬੱਚੇ ਮੇਰੇ ਸਾਹਮਣੇ ਲੜੇ ਸੀ ਜਾਂ ਸਕੂਲ ਤੋਂ ਬਾਅਦ, ਚੱਲੋ ਛੱਡੋ ਹੁਣ ਬੈਠੋ ਚਾਹ ਪਿਆਈਏ"। ਉਸਨੇ ਹੱਥ ਜੋੜ ਦਿੱਤੇ, "ਮਾਸਟਰ ਸਾਬ੍ਹ, ਹਮ ਗਰੀਬ ਪਰਦੇਸੀ ਅਨਪੜ੍ਹ ਲੋਕ ਹੈਂ, ਕਿਹਾਸੁਨੀ ਮਾਫ ਕਰਨਾ ਜੀ। ਬਾਕੀ ਕਈ ਲੋਕ ਹਮ ਭਈਆ ਲੋਕ ਸੇ ਭੇਦਭਾਵ ਕਰਦਾ ਏ ਤਾਂ ਹਮਾਰੇ ਦਿਮਾਗ ਵਿੱਚ ਵੀ ਗੱਲ ਆ ਈ ਜਾਂਦੀ ਏ, ਕਨ੍ਹਈਆ ਦਾ ਖਿਆਲ ਰੱਖਨਾ ਜੀ" ਕਹਿੰਦਿਆਂ ਉਹ ਤਾਂ ਭਾਵੇਂ ਚਲੀ ਗਈ ਪਰ ਮੈਂ ਸੋਚਣ ਲਈ ਮਜ਼ਬੂਰ ਜਰੂਰ ਹੋ ਗਿਆ ਕਿ, ਕੀ ਵਾਕਈ ਲੋਕਾਂ ਨੂੰ ਧਰਮ, ਖੇਤਰ ਜਾਂ ਜਾਤੀ ਦੇ ਅਧਾਰ ਤੇ ਹੋ ਰਹੇ ਭੇਦਭਾਵ ਤੋਂ ਮੁਕਤੀ ਮਿਲੇਗੀ ?

# ਹਿੰਦੁਸਤਾਨ ਦੇ ਰੱਖਿਅਕ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਸਦੀਵੀ ਪ੍ਰਸੰਗਿਕਤਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 400 ਸਾਲਾ ਸ਼ਤਾਬਦੀ ਪ੍ਰਕਾਸ਼ ਪੁਰਬ, ਸਿੱਖ ਗੁਰੂ ਸਾਹਿਬਾਨ ਦੁਆਰਾ ਧਰਮ ਦੀ ਆਜ਼ਾਦੀ ਅਤੇ ਸਵੈਮਾਣ ਦੀ ਰੱਖਿਆ ਲਈ ਕੀਤੀਆਂ ਗਈਆਂ ਲਾਸਾਨੀ ਕੁਰਬਾਨੀਆਂ ਅਤੇ ਮੁਸਲਿਮ ਸ਼ਾਸਕਾਂ ਦੇ ਹੱਥੋਂ ਸਾਡੇ ਪੂਰਵਜਾਂ ਵੱਲੋਂ ਝੱਲੇ ਜਬਰ ਜ਼ੁਲਮ ਤੇ ਅੱਤਿਆਚਾਰਾਂ ਨੂੰ ਯਾਦ ਕਰਨ ਅਤੇ ਉਸ ਬਾਰੇ ਚਿੰਤਨ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ। ਮੁਗ਼ਲ ਹਕੂਮਤ ਦੌਰਾਨ ਹਿੰਦੂਆਂ, ਅਤੇ ਬਾਅਦ ਵਿੱਚ ਹਿੰਦੂਆਂ ਦੇ ਨਾਲ-ਨਾਲ ਸਿੱਖਾਂ ਨੇ ਵੀ ਸਭ ਤੋਂ ਵੱਧ ਹਿੰਸਾ, ਨਸਲਕੁਸ਼ੀ ਅਤੇ ਧਾਰਮਿਕ ਅੱਤਿਆਚਾਰ ਦਾ ਸਾਹਮਣਾ ਕੀਤਾ।

ਪਹਿਲੇ ਮੁਗ਼ਲ ਹਮਲਾਵਰ ਬਾਬਰ ਵੱਲੋਂ ਹਿੰਦ ਵਾਸੀਆਂ 'ਤੇ ਬੇਰਹਿਮੀ ਨਾਲ ਕੀਤੇ ਗਏ ਜਬਰ ਜ਼ੁਲਮ ਉੱਤੇ ਗੁਰੂ ਨਾਨਕ ਦੇਵ ਜੀ ਨੇ ਮਜਲੂਮਾਂ ਦੇ ਮਨ ਦੀ ਪੀੜਾ ਆਪਣੇ ਸ਼ਬਦਾਂ ਵਿੱਚ ਇੰਜ ਬਿਆਨ ਕੀਤਾ ਹੈ: " ਖੁਰਾਸਾਨ ਖਸਮਾਨਾ ਕੀਆ ਹਿੰ-ਦੁਸਤਾਨੁ ਡਰਾਇਆ ॥ ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ ॥ ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥"

ਹਿੰਦੂਆਂ ਅਤੇ ਸਿੱਖਾਂ ਨੇ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਰਾਜ (1658-1707) ਦੇ ਪੰਜਾਹ ਸਾਲਾਂ ਦੌਰਾਨ ਅਤੇ ਉਸ ਤੋਂ ਬਾਅਦ ਦੇ ਲਗਭਗ ਇੰਨੇ ਹੀ ਸਾਲਾਂ ਦੌਰਾਨ ਲਗਾਤਾਰ ਸਭ ਤੋਂ ਵੱਧ ਅੱਤਿਆਚਾਰ ਦਾ ਸਾਹਮਣਾ ਕੀਤਾ। ਔਰੰਗਜ਼ੇਬ, ਇੱਕ ਜ਼ਾਲਮ ਕੱਟੜਪੰਥੀ ਸੀ ਜੋ ਤਲਵਾਰ ਦੇ ਜ਼ੋਰ ਨਾਲ ਭਾਰਤ ਵਿੱਚ ਮੁਸਲਿਮ ਕੱਟੜਪੰਥੀ ਰਾਜ, ਦਾਰ-ਉਲ-ਇਸਲਾਮ ਦੀ ਸਥਾਪਨਾ ਕਰਨਾ ਚਾਹੁੰਦਾ ਸੀ। ਹਿੰਦੂ ਧਰਮ ਦੇ ਖ਼ਾਤਮੇ ਦਾ ਟੀਚਾ ਮਿੱਥ ਲਿਆ ਗਿਆ। ਉਸ ਨੇ ਨਿਰਦਈ ਇਸਲਾਮੀ ਕੱਟੜਪੰਥੀ ਵਿਚਾਰਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦਾ ਹੁਕਮ ਦਿੱਤਾ ਅਤੇ ਖੁੱਲ੍ਹੇਆਮ ਹਿੰਦੂਆਂ ਉੱਤੇ ਦਹਿਸ਼ਤ ਅਤੇ ਜ਼ੁਲਮ ਦਾ ਦੌਰ ਸ਼ੁਰੂ ਕੀਤਾ। ਉਨ੍ਹਾਂ ਨੂੰ ਇਸਲਾਮ ਜਾਂ ਮੌਤ ਵਿੱਚੋਂ ਇੱਕ ਦੀ ਚੋਣ ਕਰਨ ਲਈ ਮਜਬੂਰ ਕੀਤਾ ਗਿਆ ਸੀ। ਜਿਸ ਨੇ ਹਿੰਦੂਆਂ ਅਤੇ ਸਿੱਖਾਂ ਦੇ ਸਰੀਰਕ/ਮਾਨਸਿਕਤਾ, ਧਾਰਮਿਕ ਰਹੁ ਰੀਤਾਂ ਅਤੇ ਜੀਵਨ ਦੀਆਂ ਸਥਿਤੀਆਂ ਨੂੰ ਪ੍ਰਭਾਵਿਤ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਧਾਰਮਿਕ ਟੈਕਸ (ਜਜ਼ੀਆ) ਸਿਰਫ਼ ਹਿੰਦੂਆਂ 'ਤੇ ਹੀ ਲਗਾਇਆ ਗਿਆ ਸੀ ਤਾਂ ਜੋ ਉਨ੍ਹਾਂ ਦੀ ਆਰਥਿਕ ਲੁੱਟ ਕੀਤੀ ਜਾ ਸਕੇ ਅਤੇ ਉਨ੍ਹਾਂ ਨੂੰ ਹਿੰਦੂ ਧਰਮ ਛੱਡਣ ਲਈ ਮਜਬੂਰ ਕੀਤਾ ਜਾ ਸਕੇ। ਇਸ ਦੌਰ 'ਚ ਸਭ ਤੋਂ ਪ੍ਰਸਿੱਧ ਹਿੰਦੂ ਤਿਉਹਾਰਾਂ, ਦੀਵਾਲੀ ਅਤੇ ਹੋਲੀ, ਮਨਾਉਣ ਤੇ ਇੱਥੋਂ ਤਕ ਕਿ ਹਿੰਦੂਆਂ ਨੂੰ ਘੋੜੇ 'ਤੇ ਚੜ੍ਹਨ ਤੇ ਨਗਾਰਾ ਵਜਾਉਣ ਦੀ ਵੀ ਸਖਤ ਮਨਾਹੀ ਸੀ। ਬਹੁਤ ਸਾਰੇ ਮਹੱਤਵਪੂਰਨ ਅਤੇ ਪਵਿੱਤਰ ਹਿੰਦੂ ਮੰਦਰਾਂ ਨੂੰ ਢਾਹ ਦਿੱਤਾ ਗਿਆ ਅਤੇ ਉਨ੍ਹਾਂ ਦੀ ਥਾਂ 'ਤੇ ਮਸਜਿਦਾਂ ਬਣਾਈਆਂ ਗਈਆਂ। ਇਸ ਤਰਾਂ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਭਾਰਤੀ ਇਸਲਾਮੀ ਰਾਜ ਦਾ ਪਹਿਲਾ ਅਤੇ ਪ੍ਰਮੁੱਖ ਕਰਤੱਵ ਬਣ ਗਿਆ। ਇਹਨਾਂ ਅੱਤਿਆਚਾਰਾਂ ਦਾ ਵਿਰੋਧ ਕਰਨ ਦਾ ਮਤਲਬ ਇਜਤ ਹੀ ਨਹੀਂ ਜਾਨ ਗਵਾਉਣੀ ਵੀ ਸੀ। ਇਸ ਨਸਲਕੁਸ਼ੀ ਜ਼ੁਲਮ ਦੇ ਤਹਿਤ, ਲੱਖਾਂ ਹਿੰਦੂਆਂ, ਜਿਨ੍ਹਾਂ ਵਿਚ ਜ਼ਿਆਦਾਤਰ ਕਸ਼ਮੀਰੀ ਸਨ, ਦਾ ਕਤਲੇਆਮ ਕੀਤਾ ਗਿਆ ਅਤੇ ਉਨ੍ਹਾਂ ਦੀ ਜਾਇਦਾਦ ਲੁੱਟ ਲਈ ਗਈ।

ਪ੍ਰਮਾਣਿਕ ਇਤਿਹਾਸਕ ਸਾਹਿਤ ਬਿਰਤਾਂਤ ਦੇ ਅਨੁਸਾਰ, ਔਰੰਗਜ਼ੇਬ ਦੇ ਸ਼ਾਹੀ ਹੁਕਮਾਂ ਤਹਿਤ ਕੀਤੇ ਜਾ ਰਹੇ ਜ਼ੁਲਮ ਤਸ਼ੱਦਦ ਦਾ ਸਾਹਮਣਾ ਕਰਨ ਵਿੱਚ ਅਸਮਰਥ ਕਸ਼ਮੀਰ ਦੇ ਹਿੰਦੂ , ਜਿਨ੍ਹਾਂ ਵੱਲੋਂ ਦਰ ਦਰ ਜਾ ਕੇ ਕੀਤੀ ਗਈ ਪੁਕਾਰ ਦੇ ਬਾਵਜੂਦ ਕਿਸੇ ਵੀ ਧਰਮ ਆਗੂ ਨੇ ਉਨ੍ਹਾਂ ਦੀ ਸਾਰ ਨਹੀਂ ਲਈ, ਤਾਂ ਉਨ੍ਹਾਂ ਗੁਰੂ ਨਾਨਕ ਦੇ ਦਰ ਦਾ ਆਸਰਾ ਲਿਆ। ਉਨ੍ਹਾਂ ਦਾ ਇਕ ਵਫ਼ਦ ਕਸ਼ਮੀਰੀ ਪੰਡਿਤ ਕ੍ਰਿਪਾ ਰਾਮ ਦੱਤ (ਜੋ ਬਾਅਦ ਵਿਚ ਬਾਲ ਗੋਬਿੰਦ ਰਾਏ ਦੇ ਵਿੱਦਿਆ ਉਸਤਾਦ ਬਣੇ) ਦੀ ਅਗਵਾਈ 'ਚ ਸ੍ਰੀ ਅਨੰਦ-ਪੁਰ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਣ ਫਰਿਆਦੀ ਹੋਇਆ। ਉਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਹੌਸਲਾ ਦਿੱਤਾ ਤੇ ਕਿਹਾ ਕਿ ਮਹਾਨ ਆਤਮਾ ਦੀ ਸ਼ਹੀਦੀ ਦੀ ਲੋੜ ਹੈ। ਉਸ ਵਕਤ ਬਾਲ ਗੋਬਿੰਦ ਰਾਏ ਜੀ ਨੇ ਸੁਣਦਿਆਂ ਕਿਹਾ ਆਪ ਜੀ ਤੋਂ ਬਿਨਾ ਮਹਾਂ ਪੁਰਖ ਕੌਣ ਹੋ ਸਕਦਾ ਹੈ ?। ਗੁਰੂ ਜੀ ਨੇ ਕਸ਼ਮੀਰੀ ਪੰਡਿਤਾਂ ਦੀ ਪ੍ਰਾਰਥਨਾ ਨੂੰ ਸਵੀਕਾਰ ਕਰ ਲਿਆ ਅਤੇ ਉਨ੍ਹਾਂ ਦੇ ਧਰਮ ਦੀ ਆਜ਼ਾਦੀ ਅਤੇ ਤਿਲਕ ਜੰਞੂ ਦੇ ਧਾਰਮਿਕ ਅਧਿਕਾਰ ਦੀ ਰੱਖਿਆ ਕਰਨ ਲਈ ਹਾਮੀ ਭਰ ਦਿੱਤੀ। ਉਹ ਜਾਣਦੇ ਸਨ ਕਿ ਹਿੰਦੂਆਂ ਦੇ ਜ਼ਬਰਦਸਤੀ ਧਰਮ ਪਰਿਵਰਤਨ ਦੇ ਨਾਪਾਕ ਕੰਮ ਦਾ ਵਿਰੋਧ ਕਰਨ ਦਾ ਜੋ ਫ਼ੈਸਲਾ ਕੀਤਾ, ਉਸ ਦੀ ਕੀਮਤ ਉਸ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਵੇਗੀ। ਆਪ ਜੀ ਨੇ ਕਸ਼ਮੀਰੀ ਪੰਡਿਤਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਕਹਿ ਦਿਓ ਕਿ ਪਹਿਲਾਂ ਗੁਰੂ ਤੇਗ ਬਹਾਦਰ ਨੂੰ ਮੁਸਲਮਾਨ ਬਣਾ ਲੈ ਫਿਰ ਅਸੀਂ ਵੀ ਬਣ ਜਾਵਾਂਗੇ। ਇਹ ਸੰਦੇਸ਼ ਪਾ ਕੇ ਔਰੰਗਜ਼ੇਬ ਨੇ ਗੁਰੂ ਜੀ ਨੂੰ



ਦਿੱਲੀ ਬੁਲਾਇਆ। ਜਦ ਕਈ ਤਰਾਂ ਦੇ ਲਾਲਚ ਅਤੇ ਧਮਕੀਆਂ ਦੇ ਬਾਵਜੂਦ ਗੁਰੂ ਜੀ ਨੇ ਆਪਣਾ ਧਰਮ ਛੱਡ ਕੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ, ਤਾਂ 11



ਡਾ: ਜਗਮੋਹਨ ਸਿੰਘ ਰਾਜੂ

ਨਵੰਬਰ 1675 ਨੂੰ ਉਨ੍ਹਾਂ ਦਾ ਚਾਂਦਨੀ ਚੌਕ ਵਿਖੇ ਜਨਤਕ ਤੌਰ 'ਤੇ ਸਿਰ ਕਲਮ ਕਰਦਿਆਂ ਸ਼ਹੀਦ ਕਰ ਦਿੱਤਾ ਗਿਆ। ''ਤਿਲਕ ਜੰਞੂ ਰਾਖਾ ਪ੍ਰਭ ਤਾਕਾ ।। ਕੀਨੋ ਬਡੋ ਕਲੂ ਮਹਿ ਸਾਕਾ ।। '' ਇਸ ਤੋਂ ਪਹਿਲਾਂ, ਉਨ੍ਹਾਂ ਦੇ ਅਨੁਆਈ ਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਇਸਲਾਮ ਕਬੂਲ ਨਾ ਕਰਨ 'ਤੇ ਵਾਰੋ ਵਾਰੀ ਬੇਰਹਿਮੀ ਨਾਲ ਸ਼ਹੀਦ ਕਰ ਦਿੱਤੇ ਗਏ ਸਨ। ਇਸ ਤਰ੍ਹਾਂ, ਗੁਰੂ ਜੀ ਨੇ ਔਰੰਗਜ਼ੇਬ ਦੀ ਜਬਰੀ ਧਰਮ ਪਰਿਵਰਤਨ ਅਤੇ ਕੱਟੜਤਾ ਦੇ ਵਿਰੁੱਧ ਇੱਕ ਮਜ਼ਬੂਤ ਪਰ ਅਹਿੰਸਕ ਵਿਰੋਧ ਦੀ ਅਗਵਾਈ ਕੀਤੀ ਅਤੇ ਸੱਚ, ਮਨੁੱਖਤਾ, ਸ਼ਾਂਤੀ ਅਤੇ ਧਾਰਮਿਕ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਆਪਣੀ ਇੱਛੁਕ ਪਰਮ ਕੁਰਬਾਨੀ ਦੇ ਨਾਲ, ਉਸ ਨੇ ਆਪਣੀ ਆਜ਼ਾਦੀ ਲਈ ਨਹੀਂ, ਬਲਕਿ ਦੂਸਰੇ ਧਰਮ ਦੀ ਆਜ਼ਾਦੀ ਅਤੇ ਸਨਮਾਨ ਲਈ ਆਪਣੀ ਜਾਨ ਕੁਰਬਾਨ ਕਰਨ ਦੀ ਵਿਸ਼ਵ ਸਾਹਮਣੇ ਇੱਕ ਵਿਲੱਖਣ ਮਿਸਾਲ ਕਾਇਮ ਕੀਤੀ।

ਗੁਰੂ ਤੇਗ ਬਹਾਦਰ ਦੂਜੇ ਸਿੱਖ ਗੁਰੂ ਸਨ ਜਿਨ੍ਹਾਂ ਨੂੰ ਮੁਗ਼ਲਾਂ ਦੁਆਰਾ ਧਰਮ ਦੀ ਆਜ਼ਾਦੀ ਲਈ ਉਨ੍ਹਾਂ ਦੀ ਅਟੱਲ ਵਚਨਬੱਧਤਾ ਲਈ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਦੀ ਸ਼ਹਾਦਤ ਤੋਂ ਸੱਤਰ ਸਾਲ ਪਹਿਲਾਂ (1675), ਆਪ ਜੀ ਦੇ ਦਾਦਾ, ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ (1563-1606), ਨੂੰ ਬਾਦਸ਼ਾਹ ਜਹਾਂਗੀਰ ਦੁਆਰਾ ਤਸੀਹੇ ਦਿੱਤੇ ਗਏ ਸਨ। ਜਦੋਂ ਤੱਤੀ ਤਵੀ 'ਤੇ ਬਿਠਾ ਕੇ ਉਸ ਦੇ ਸੀਸ 'ਤੇ ਗਰਮ ਰੇਤਾ ਪਵਾਏ ਜਾਣ ਨਾਲ ਉਨ੍ਹਾਂ ਦੇ ਸਰੀਰ ਵਿੱਚ ਛਾਲੇ ਹੋ ਗਏ ਤਾਂ ਉਨ੍ਹਾਂ ਨੂੰ 30 ਮਈ 1606 ਨੂੰ ਲਾਹੌਰ ਵਿਖੇ ਰਾਵੀ ਦਰਿਆ ਵਿੱਚ ਜ਼ੰਜੀਰਾਂ ਨਾਲ ਬੰਨ੍ਹ ਕੇ ਸੁੱਟ ਦਿੱਤਾ ਗਿਆ। ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਅਤੇ ਉਨ੍ਹਾਂ ਦੇ ਪੁੱਤਰ ਅਤੇ ਉੱਤਰਾਧਿਕਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਦੁਆਰਾ ਪ੍ਰਦਰਸ਼ਿਤ ਧਾਰਮਿਕ ਜਬਰ ਜ਼ੁਲਮ ਦੇ ਵਿਰੁੱਧ ਸਖ਼ਤ ਵਿਰੋਧ ਨੇ ਕ੍ਰੋਧ ਨੂੰ ਸੱਦਾ ਦਿੱਤਾ। ਮੁਗ਼ਲ ਸਾਮਰਾਜ ਦਾ ਆਪਣੀ ਪੂਰੀ ਤਾਕਤ ਨਾਲ ਕਹਿਰ ਵਰਸਾਇਆ ਜਾ ਰਿਹਾ ਸੀ। ਗੁਰੂ ਗੋਬਿੰਦ ਸਿੰਘ ਦੇ ਦੋ ਵੱਡੇ ਸਾਹਿਬ-ਜ਼ਾਦੇ ਚਮਕੌਰ ਦੀ ਗੜੀ ਵਿਖੇ ਮੁਗ਼ਲਾਂ ਵਿਰੁੱਧ ਲੜਾਈ ਵਿੱਚ ਸ਼ਹੀਦ ਹੋ ਗਏ ਸਨ, ਉਨ੍ਹਾਂ ਦੇ ਦੋ ਛੋਟੇ ਸਾਹਿਬਜ਼ਾਦੇ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨ ਅਤੇ ਸਤਾਏ ਹੋਏ ਲੋਕਾਂ ਦੀ ਰੱਖਿਆ ਕਰਨ ਲਈ ਸਰਹਿੰਦ ਵਿਖੇ ਕੰਧ 'ਚ ਜ਼ਿੰਦਾ ਚਿਣਦਿਆਂ ਸ਼ਹੀਦ ਕਰ ਦਿਤੇ ਗਏ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਿੱਖਾਂ ਦੀ ਹਿੰਦੂਆਂ ਨਾਲ ਅਡੋਲ ਤੇ ਅਟੁੱਟ ਸਾਂਝ ਦਾ ਸਦੀਵੀ ਪ੍ਰਮਾਣ ਹੈ। ਹਿੰਦੂ ਸਿੱਖ ਬੰਧਨ ਸਿੱਖ ਗੁਰੂ ਸਾਹਿਬਾਨ ਦੀਆਂ ਸ਼ਹਾਦਤਾਂ ਦੁਆਰਾ ਸਦੀਵੀ ਤੌਰ 'ਤੇ ਪੱਕਾ ਹੋਇਆ ਸੀ ਅਤੇ ਹਿੰਦੂ ਭਾਈਚਾਰਾ ਹਿੰਦੂ ਧਰਮ ਦੀ ਰੱਖਿਆ ਲਈ ਸਿੱਖ ਗੁਰੂਆਂ ਅਤੇ ਸਿੱਖਾਂ ਭਾਈਚਾਰੇ ਵੱਲੋਂ ਕੀਤੀਆਂ ਗਈਆਂ ਕੁਰਬਾਨੀਆਂ ਦੇ ਸਦਕਾ ਉਨ੍ਹਾਂ ਦਾ ਸਦਾ ਅਹਿਸਾਨਮੰਦ ਰਿਹਾ। ਪ੍ਰਧਾਨ ਮੰਤਰੀ ਮੋਦੀ ਸਿੱਖ ਗੁਰੂਆਂ ਪ੍ਰਤੀ ਬਹੁਤ ਸ਼ਰਧਾ ਰੱਖਦੇ ਹਨ। ਇਸੇ ਭਾਵਨਾ ਵਿੱਚੋਂ ਹੀ ਪ੍ਰਧਾਨ ਮੰਤਰੀ ਮੋਦੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਨੂੰ ਅਥਾਹ ਸ਼ਰਧਾ ਅਤੇ ਉਤਸ਼ਾਹ ਨਾਲ ਵਿਸ਼ਵ ਭਰ ਵਿੱਚ ਮਨਾਉਣ ਦਾ ਪ੍ਰਬੰਧ ਕੀਤਾ ਸੀ। ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਲਈ 26 ਦਸੰਬਰ ਨੂੰ ਸਾਰੇ ਦੇਸ਼ ਵਿੱਚ ''ਵੀਰ ਬਾਲ ਦਿਵਸ'' ਦੇ ਰੂਪ ਵਿੱਚ ਹਰ ਸਾਲ ਮਨਾਇਆ ਜਾਵੇਗਾ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400 ਸਾਲਾ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਐਲਾਨੇ ਗਏ ਸਾਲ ਭਰ ਦੇ ਸਮਾਰੋਹ 21 ਅਪ੍ਰੈਲ 2022 ਨੂੰ ਦਿਲੀ ਦੇ ਲਾਲ ਕਿਲ੍ਹਾ ਮੈਦਾਨ ਵਿਖੇ ਪ੍ਰਧਾਨ ਮੰਤਰੀ ਮੋਦੀ ਅਤੇ ਗ੍ਰਹਿ ਮੰਤਰੀ ਅਮਿੱਤ ਸ਼ਾਹ ਦੇ ਵਿਸ਼ੇਸ਼ ਸੰਬੋਧਨ ਨਾਲ ਸੰਪੂਰਨਤਾ ਕੀਤੀ ਜਾ ਰਹੀ ਹੈ।

ਸ਼ੁਕਰਗੁਜ਼ਾਰੀ ਦੇ ਅਜਿਹੇ ਕਾਰਨਾਮਿਆਂ ਦੀ ਸੂਚੀ ਲੰਬੀ ਹੈ ਅਤੇ ਗਿਣਨ ਲਈ ਇੱਕ ਵੱਖਰੇ ਮੌਕੇ ਦੀ ਲੋੜ ਹੈ। ਇਹ ਕਹਿਣਾ ਕੁਥਾਂ ਨਹੀਂ ਹੋਵੇਗਾ ਕਿ ਸਿੱਖ ਗੁਰੂਆਂ ਅਤੇ ਸਿੱਖ ਧਰਮ ਨੂੰ ਭਾਰਤ ਵਿੱਚ ਸਭ ਤੋਂ ਵੱਧ ਮਾਣ ਸਤਿਕਾਰ ਅਤੇ ਪ੍ਰਸ਼ੰਸਾ ਪ੍ਰਾਪਤ ਹੈ। ਪਰ ਕੁਝ ਦੇਸ਼ ਵਿਰੋਧੀ ਸ਼ਰਾਰਤੀ ਅਨਸਰ ਹਿੰਦੂਆਂ ਅਤੇ ਸਿੱਖਾਂ ਵਿੱਚ ਵੰਡ ਦੇ ਬੀਜ ਬੀਜਣ ਦੀ ਕੋਸ਼ਿਸ਼ ਕਰਦੇ ਹਨ। ਆਪਣੇ ਨਾਪਾਕ ਮਨਸੂਬਿਆਂ ਦੀ ਪ੍ਰਾਪਤੀ ਲਈ ਇਹ ਲੋਕ ਸਿੱਖ ਪਛਾਣ ਨੂੰ ਕਥਿਤ ਖ਼ਤਰੇ ਵਜੋਂ ਪੇਸ਼ ਕਰਦੇ ਹਨ। ਇਨ੍ਹਾਂ ਭੈੜੇ ਇਰਾਦੇ ਵਾਲਿਆਂ ਦੇ ਨਿਰਾਸ਼ਾ ਹੀ ਹੱਥ ਲੱਗੇਗੀ। ਗੁਰੂ ਕਾ ਖ਼ਾਲਸਾ ਅਜਿੱਤ ਹੈ। ਹਿੰਦੂਆਂ ਤੋਂ ਸਿੱਖ ਧਰਮ ਨੂੰ ਕੋਈ ਖ਼ਤਰਾ ਨਹੀਂ ਹੈ। ਇਤਿਹਾ-ਸਕ ਦ੍ਰਿਸ਼ਟੀਕੋਣ ਤੋਂ ਵੀ ਸਿੱਖਾਂ ਨੂੰ ਹਿੰਦੂਆਂ ਦੇ ਰੱਖਿਅਕ ਵਜੋਂ ਦੇਖਿਆ ਜਾਂਦਾ ਰਿਹਾ ਹੈ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੀ ਪ੍ਰਸੰਗਿਕਤਾ (ਸਾਰਥਿਕਤਾ) ਸਦੀਵੀ ਹੈ। ਗੁਰੂ ਸਾਹਿਬ ਵੱਲੋਂ ਹਿੰਦੂ ਧਰਮ ਨੂੰ ਨਾ ਬਚਾਇਆ ਗਿਆ ਹੁੰਦਾ ਤਾਂ ਅੱਜ ਹਿੰਦੁਸਤਾਨ ਇਸਲਾਮਿਕ ਮੁਲਕ ਹੁੰਦਾ, ਇਸ ਲਈ ਸਹੀ ਅਰਥਾਂ 'ਚ ਗੁਰੂ ਤੇਗ਼ ਬਹਾਦਰ ਜੀ ਹਿੰਦੁਸਤਾਨ ਦੇ ਰੱਖਿਅਕ ਹਨ। ਸਿੱਖਾਂ ਨੂੰ ਇਸ ਦੀ ਪ੍ਰਸੰਗਿਕਤਾ ਅਤੇ ਪਰੰਪਰਾ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੈ।

# ਪਿਆਰੇ ਬੱਚਿਓ ! ਗਰਮੀਆਂ ਵਿੱਚ ਸਿਹਤ ਦਾ ਧਿਆਨ ਰੱਖੋ

ਪਿਆਰੇ ਬੱਚਿਓ ! ਸਤਿ ਸ੍ਰੀ ਆਕਾਲ। ਜਿਵੇਂ ਕਿ ਤੁਹਾਨੂੰ ਪਤਾ ਹੀ ਹੈ ਕਿ ਹੁਣ ਗਰਮੀ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਅਜਿਹੇ ਵਿੱਚ ਬੱਚੇ ਵੀ ਗਰਮੀ ਮਹਿਸੂਸ ਕਰਦੇ ਹਨ ਤੇ ਵਿਚਲਿਤ ਹੋ ਜਾਂਦੇ ਹਨ। ਅਜਿਹੀ ਤੇਜ਼ ਗਰਮੀ ਵਿੱਚ ਸਾਨੂੰ ਆਪਣੀ ਸਿਹਤ ਦਾ ਧਿਆਨ ਜ਼ਰੂਰ ਹੀ ਰੱਖਣਾ ਚਾਹੀਦਾ ਹੈ। ਬੱਚਿਓ ! ਇੱਕ ਤਾਂ ਤੁਸੀਂ ਆਪਣੀ ਸਾਫ਼ - ਸਫ਼ਾਈ ਦਾ ਪੂਰਾ ਧਿਆਨ ਰੱਖੋ। ਜਿਵੇਂ ਕਿ ਹਰ ਰੋਜ਼ ਸਵੇਰੇ - ਸ਼ਾਮ ਇਸ਼ਨਾਨ ਕਰੋ , ਨਹੁੰ ਕੱਟ ਕੇ ਰੱਖੋ ਅਤੇ ਹੱਥਾਂ ਦੀ ਸਫਾਈ ਦਾ ਜ਼ਰੂਰ ਧਿਆਨ ਰੱਖੋ। ਦੂਸਰਾ , ਤੁਸੀਂ ਵੱਧ ਤੋਂ ਵੱਧ ਤਰਲ /ਦ੍ਰਵ ਪਦਾਰਥਾਂ ਜਿਵੇਂ ਕਿ ਪਾਣੀ , ਨਿੰਬੂ ਪਾਣੀ , ਜਲ - ਜੀਰਾ , ਕੱਚੀ - ਲੱਸੀ , ਲੱਸੀ , ਫਲਾਂ ਦੇ ਰਸ , ਨਾਰੀਅਲ ਪਾਣੀ , ਸ਼ਕੰਜਵੀਂ , ਸੱਤੂ , ਗੂੰਦ - ਕਤੀਰਾ ਆਦਿ ਦੀ ਵਰਤੋਂ ਜ਼ਰੂਰ ਕਰਦੇ ਰਹੋ। ਦਿਨ ਵਿੱਚ ਇੱਕ ਵਾਰ ਥੋੜ੍ਹੀ ਜਿਹੀ ਚਾਹ /ਕੌਫੀ ਦੀ ਵਰਤੋਂ ਵੀ ਕਰੋ। ਇਸ ਤੋਂ ਇਲਾਵਾ ਫ਼ਲਾਂ , ਦਹੀਂ , ਪਿਆਜ ਤੇ ਖੀਰੇ ਆਦਿ ਦੀ ਵਰਤੋਂ ਵੀ ਕਰਦੇ ਰਹੋ। ਦੁਪਹਿਰ ਸਮੇਂ ਘਰ ਤੋਂ ਬਾਹਰ ਨਾ ਨਿਕਲੋ। ਸਗੋਂ ਘਰ ਵਿੱਚ ਰਹਿ




ਕੇ ਹੀ ਆਰਾਮ ਕਰੋ। ਜਦੋਂ ਸਕੂਲ ਛੁੱਟੀ ਸਮੇਂ ਘਰ ਨੂੰ ਜਾਂਦੇ ਹੋ ਤਾਂ ਸਿਰ ਨੂੰ ਕਿਸੇ ਰੁਮਾਲ /ਕੱਪੜੇ ਆਦਿ ਨਾਲ਼ ਢੱਕ ਕੇ ਜ਼ਰੂਰ ਰੱਖੋ। ਇਸ ਦੇ ਲਈ ਛਤਰੀ ਦੀ ਵਰਤੋਂ ਵੀ ਤੁਸੀਂ ਕਰ ਸਕਦੇ ਹੋ। ਘਰ ਵਿੱਚ ਪਹੁੰਚ ਕੇ ਕੁਝ ਸਮਾਂ ਪੰਦਰਾਂ - ਵੀਹ ਮਿੰਟ ਪੱਖੇ /ਕੂਲਰ ਆਦਿ ਦੀ ਹਵਾ ਲੈਣ ਤੋਂ ਬਾਅਦ ਹੀ ਇਸ਼ਨਾਨ ਕਰੋ। ਫਰਿੱਜ/ਵਾਟਰ ਕੂਲਰ ਆਦਿ ਦੇ ਬਹੁਤ ਜ਼ਿਆਦਾ ਠੰਢੇ ਪਾਣੀ ਜਾਂ ਬਰਫ਼ ਦੀ ਵਰਤੋਂ ਕਰਨ ਤੋਂ ਵੀ ਗੁਰੇਜ਼ ਕਰੋ। ਹੋ ਸਕੇ ਤਾਂ ਘੜੇ ਦੇ ਪਾਣੀ ਦੀ ਵਰਤੋਂ ਕਰ ਲਓ। ਨੰਗੇ ਪੈਰ ਖੇਡਣ ਜਾਂ ਘੁੰਮਣ - ਫਿਰਨ ਤੋਂ ਬਚੋ। ਮੋਬਾਇਲ ਫੋਨ ਦੀ ਵਰਤੋਂ ਕੇਵਲ ਪੜ੍ਹਾਈ ਲਈ ਕਰੋ। ਕੁਝ ਸਮਾਂ ਕਾਰਟੂਨ - ਪ੍ਰੋਗਰਾਮ ( ਮੋਟੂ - ਪਤਲੂ ਤੇ ਡੋਰੇਮੋਨ) ਆਦਿ ਜ਼ਰੂਰ ਦੇਖੋ। ਘਰ ਵਿੱਚ ਵਿਹਲੇ ਸਮੇਂ ਕਹਾਣੀਆਂ , ਕਵਿਤਾਵਾਂ ਅਤੇ ਹੋਰ ਚੰਗੀਆਂ ਬਾਲ - ਸਾਹਿਤ ਦੀਆਂ ਕਿਤਾਬਾਂ ਜ਼ਰੂਰ ਪੜ੍ਹਦੇ ਰਹੋ। ਮੋਬ-ਾਇਲ ਫੋਨ ਦੀ ਵਰਤੋਂ ਕਰਨ ਦੀ ਥਾਂ ਆਪਣੇ ਮਨ ਵਿੱਚ ਆਈ ਕਿਸੇ ਕਹਾਣੀ ਜਾਂ ਕਵਿਤਾ ਜਾਂ ਕੋਈ ਗੱਲ ਜ਼ਰੂਰ ਲਿਖਣ ਦੀ ਆਦਤ ਪਾਓ। ਇਸ ਨਾਲ਼ ਤੁਹਾਡੇ ਕੀਮਤੀ ਸਮੇਂ ਦੀ ਸੁਚਾਰੂ ਵਰਤੋਂ ਹੋਵੇਗੀ ਤੇ ਤੁਸੀਂ ਇੱਕ ਮਹਾਨ ਲੇਖਕ , ਕਵੀ , ਕਹਾਣੀਕਾਰ ਆਦਿ ਬਣ ਕੇ ਇੱਕ ਵੱਖਰਾ ਮੁਕਾਮ ਤੇ ਵੱਖਰੀ ਪਹਿਚਾਣ ਹਾਸਲ ਕਰ ਸਕਦੇ ਹੋ। ਇਸ ਤਰ੍ਹਾਂ ਨਾਲ ਤੁਸੀਂ ਗਿਆਨ ਦੀ ਅਸੀਮਤ ਧਾਰਾ ਨਾਲ ਵੀ ਜੁੜ ਸਕਦੇ ਹੋ। ਪਿਆਰੇ ਬੱਚਿਓ ! ਗਰਮੀਆਂ ਦੇ ਮੌਸਮ ਵਿੱਚ ਤੁਹਾਡਾ ਮਨ ਵਾਰ - ਵਾਰ ਕੋਲਡ - ਡਰਿੰਕਸ ਤੇ ਕੁਲਫ਼ੀ ਜਾਂ ਆਈਸਕ੍ਰੀਮ ਖਾਣ ਨੂੰ ਕਰਦਾ ਹੋਵੇਗਾ , ਪਰ ਤੁਸੀਂ ਵਾਰ - ਵਾਰ ਇਨ੍ਹਾਂ ਬਾਹਰੀ ਵਸਤੂਆਂ ਦੀ ਵਰਤੋਂ ਨਹੀਂ ਕਰਨੀ। ਇਹ ਵਸਤਾਂ ਸੁਆਦ ਤਾਂ ਭਾਵੇਂ ਜ਼ਰੂਰ ਲੱਗਣ , ਪਰ ਸਿਹਤ ਪੱਖੋਂ ਇੰਨੀਆਂ ਫ਼ਾਇਦੇਮੰਦ ਨਹੀਂ ਹੁੰਦੀਆਂ। ਤੁਸੀਂ ਸਕੂਲ ਵਿੱਚ ਪਾਣੀ ਪੀਣ ਲਈ ਗਿਲਾਸ ਦੀ ਵਰਤੋਂ ਕਰੋ। ਹੱਥ ਧੋਣ ਲਈ ਆਪਣੇ ਕੋਲ ਪੇਪਰ - ਸੋਪ ਜ਼ਰੂਰ ਹੀ ਰੱਖੋ। ਰੁਮਾਲ ਨੂੰ ਹਮੇਸ਼ਾਂ ਆਪਣੇ ਕੋਲ ਰੱਖੋ। ਦੁਪਹਿਰ ਅੱਧੀ ਛੁੱਟੀ ਸਮੇਂ ਸਕੂਲ ਵਿੱਚ ਧੁੱਪ ਵੱਚ ਖੇਡਣ ਜਾਂ ਘੁੰਮਣ ਤੋਂ ਬਚੋ। ਘਰ ਵਿੱਚ ਮਾਤਾ - ਪਿਤਾ ਅਤੇ ਸਕੂਲ ਵਿੱਚ ਗੁਰੂਜਨਾਂ ਆਪਣੇ ਅਧਿਆਪਕਾਂ ਦਾ ਕਹਿਣਾ ਜ਼ਰੂਰ ਮੰਨਣਾ ਤੇ ਇਹਨਾਂ ਦਾ ਸਤਿਕਾਰ ਕਰੋ। ਮੈਨੂੰ ਆਸ ਹੈ ਕਿ ਤੁਸੀਂ ਮੇਰੀਆਂ ਇਹਨਾਂ ਧਿਆਨ ਦੇਣ ਯੋਗ ਗੱਲਾਂ ਉੱਤੇ ਜ਼ਰੂਰ ਅਮਲ ਕਰੋਗੇ ਅਤੇ ਗਰਮੀਆਂ ਦੇ ਮੌਸਮ ਵਿੱਚ ਆਪਣੀ ਸਿਹਤ ਦਾ ਜ਼ਰੂਰ ਧਿਆਨ ਰੱਖੋਗੇ। ਅਗਲੀ ਵਾਰ ਫਿਰ ਮਿਲਦੇ ਹਾਂ। ਤਦ ਤੱਕ ਲਈ ਪਿਆਰ ਭਰੀ ਸਤਿ ਸ੍ਰੀ ਅਕਾਲ , ਨਮਸਤੇ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਚੰਦਨ ਫੇਸ ਪੈਕ ਨਾਲ ਨਿਖਰ ਜਾਵੇਗੀ ਤੁਹਾਡੀ ਚਮੜੀ

ਜੇ ਤੁਹਾਨੂੰ ਸਮਝ ਨਹੀਂ ਕਿ ਚੰਦਨ ਪਾਊਡਰ ਨੂੰ ਕਿਸ ਸਮੱਗਰੀ ਨਾਲ ਮਿਲਾ ਕੇ ਫੇਸ ਪੈਕ ਬਣਾਈਏ ਤਾਂ ਤੁਹਾਡੀ ਮਦਦ ਲਈ ਅਜਿਹੇ ਫੇਸ ਪੈਕ ਦਿੱਤੇ ਹੋਏ ਹਨ, ਜੋ ਆਸਾਨੀ ਨਾਲ ਘਰਹੀ ਬਣਾਏ ਜਾ ਸਕਦੇ ਹਨ ਅਤੇ ਤੁਹਾਨੂੰ ਚਮੜੀ ਸੰਬੰਧੀ ਸਮੱਸਿਆਵਾਂ ਤੋਂ ਛੁਟਕਾਰਾ ਦਿਵ ਸਕਦੇ ਹਨ ਅਤੇ ਉਨ੍ਹਾਂ ਵਿੱਚ ਬਿਲਕੁਲ ਖਰਚ ਵੀ ਨਹੀਂ ਹੋਵੇਗੀ।

ਚੰਦਨ ਪਾਊਡਰ, ਹਲਦੀ ਤੇ ਕਪੂਰ: ਜੇ ਤੁਹਾਡੇ ਚਿਹਰੇ ਉੱਤੇ ਬਹੁਤ ਸਾਰੇ ਕਿੱਲ-ਮੁਹਾਸੇ ਹੋ ਗਏ ਹਨ ਤਾਂ ਚੰਦਨ ਪਾਊਡਰ, ਹਲਦੀ ਤੇ ਕਪੂਰ ਨੂੰ ਮਿਲਾ ਕੇ ਇੱਕ ਪੇਸਟ ਤਿਆਰ ਕਰੋ ਅਤੇ ਲਾਓ. ਨੇਮੀ ਰੂਪ ਵਿੱਚ ਲਾਉਣ ਨਾਲ ਤੁਹਾਡੀ ਇਹ ਸਮੱਸਿਆ ਕਾਫੀ ਹੱਲ ਹੋ ਜਾਵੇਗੀ।

ਗੁਲਾਬ ਜਲ ਅਤੇ ਚੰਦਨ ਪਾਊਡਰ: ਗੁਲਾਬ ਜਲ ਇਹ ਬਹੁਤ ਸਾਧਾਰਨ ਜਿਹਾ ਫੇਸ ਪੈਕ ਹੈ ਜਿਸ ਵਿੱਚ ਚੰਦਨ ਪਾਊਡਰ ਨੂੰ ਗੁਲਾਬ ਜਲ ਨਾਲ ਮਿਲਾ ਕੇ ਪ੍ਰਯੋਗ ਕੀਤਾ ਜਾਂਦਾ ਹੈ। ਇਸ ਨੂੰ ਉਦੋਂ ਲਾਓ, ਜਦੋਂ ਤੁਸੀਂ ਬਾਹਰ ਤੋਂ ਆਏ ਹੋਵੋ ਜਿਸ ਨਾਲ ਇਸ ਨੂੰ ਲਗਾ ਕੇ ਗੰਦਗੀ ਅਤੇ ਚਮੜੀ ਦੇ ਮਰੇ ਹੋਏ



ਸੈਲਾਂ ਤੋਂ ਛੁਟਕਾਰਾ ਮਿਲ ਸਕੇ।

ਮੁਲਤਾਨੀ ਮਿੱਟੀ ਅਤੇ ਦਹੀਂ: ਅੱਧਾ ਚਮਚ ਮੁਲਤਾਨੀ ਮਿੱਟੀ ਨੂੰ ਅੱਧੇ ਚਮਚ ਚੰਦਨ ਪਾਊਡਰ ਨਾਲ ਮਿਲਾਓ। ਫਿਰ ਇਸ ਵਿੱਚ ਜਾਂ ਤਾਂ ਦਹੀਂ ਜਾਂ ਦੁੱਧ ਦੀ ਮਲਾਈ ਮਲਾ ਕੇ ਪੇਸਟ ਬਣਾ ਕੇ ਲਾਓ। ਸੁੱਕ ਜਾਣ ਉੱਤੇ ਪਾਣੀ ਨਾਲ ਧੋ ਲਵੋ।

ਬਾਦਾਮ ਪਾਊਡਰ ਅਤੇ ਦੁੱਧ: ਇੱਕ ਕੌਲੀ ਵਿੱਚ ਬਦਾਮ ਪਾਊਡਰ ਨੂੰ ਚੰਦਨ ਪਾਊਡਰ ਅਤੇ ਹਲਦੀ ਨੂੰ ਦੁੱਧ ਨਾਲ ਮਿਲਾਓ। ਇਸ ਨੂੰ ਚਿਹਰੇ ਉੱਤੇ ਲਾ ਕੇ ਸੁਕਾ ਲਵੋ ਅਤੇ ਫਿਰ ਪਾਣੀ ਨਾਲ ਧੋ ਲਵੋ।

ਹਲਦੀ ਤੇ ਨਿੰਬੂ: ਤੁਸੀਂ ਹਲਦੀ ਅਤੇ ਚੰਦਨ ਪਾਊਡਰ ਮਿਲਾ ਕੇ ਚਮੜੀ ਚਮਕਦਾਰ ਬਣਾ ਸਕਦੇ ਹੋ। ਇਸ ਵਿੱਚ ਨਿੰਬੂ ਦੀਆਂ ਵੀ ਕੁਝ ਬੂੰਦਾਂ ਪਾਓ, ਜਿਸ ਨਾਲ ਚਮੜੀ ਸਾਫ ਹੋ ਜਾਵੇ।

ਲਵੈਂਡਰ ਦਾ ਤੇਲ: ਆਪਣੀ ਥਕਾਨ ਭਰੀ ਚਮੜੀ ਨੂੰ ਅਰਾਮਦ-ਾਇਕ ਬਣਾਉਣ ਅਤੇ ਕਾਲੇ ਧੱਬਿਆਂ ਨੂੰ ਹਟਾਉਣ ਲਈ ਤੁਸੀਂ ਲਵੈਂਡਰ ਦੇ ਤੇਲ ਅਤੇ ਚੰਦਨ ਪਾਊਡਰ ਨੂੰ ਮਿਲਾ ਕੇ ਪੇਸਟ ਬਣਾਓ। ਇਸ ਨਾਲ ਚਮੜੀ ਚੁਸਤ ਵੀ ਹੁੰਦੀ ਹੈ।



# ਕਰਜ਼ਾ ਮੁਆਫੀ, ਸਰਕਾਰੀ ਭਰੋਸਿਆਂ ਦੀ ਝਾਕ ਵਿੱਚ ਕਿਸਾਨ ਡਿਫਾਲਟਰ ਹੋ ਗਏ



ਮਾਛੀਵਾੜਾ, 20 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਦੀ ਪਿਛਲੀ ਕਾਂਗਰਸ ਸਰਕਾਰ ਸਮੇਂ ਓਦੋਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਸੀ, ਪਰ ਅਮਲ ਨਾ ਹੋਣ ਕਾਰਨ ਅੱਜ ਵੱਡੀ ਗਿਣਤੀ ਵਿੱਚ ਕਿਸਾਨ ਬੈਂਕਾਂ ਅਤੇ ਕੋਆਪਰੇਟਿਵ ਸੋਸਾਈਟੀਆਂ ਦੇ ਡਿਫਾਲਟਰ ਹੋ ਗਏ ਹਨ।

ਮਿਲੀ ਜਾਣਕਾਰੀ ਅਨੁਸਾਰ ਕੈਪਟਨ ਸਰਕਾਰ ਨੇ ਸਾਰੇ ਬੈਂਕਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ, ਪਰ ਖੇਤੀਬਾੜੀ ਕੋਆ-ਪਰੇਟਿਵ ਸੋਸਾਈਟੀਜ਼ ਵਿੱਚ ਪੰਜ ਏਕੜ ਤਕ ਦੀ ਮਾਲਕੀ ਵਾਲੇ ਕਿਸਾਨਾਂ ਦਾ ਦੋ ਲੱਖ ਰੁਪਏ ਦਾ ਕਰਜ਼ਾ ਅਤੇ ਨੈਸ਼ਨਲ ਬੈਂਕਾਂ ਵਿੱਚ ਛੋਟੇ ਕਿਸਾਨਾਂ ਦਾ ਦੋ ਲੱਖ ਰੁਪਏ ਤਕ ਦਾ ਕਰਜ਼ਾ ਮੁਆਫ ਕੀਤਾ ਗਿਆ ਸੀ। ਸਭ ਤੋਂ ਮਾੜੀ ਹਾਲਤ ਇਸ ਸਮੇਂ ਪੰਜਾਬ ਦੇ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕਾਂ ਦੀ ਹੈ। ਮਾਛੀਵਾੜਾ ਖੇਤੀਬਾੜੀ ਵਿਕਾਸ ਬੈਂਕ ਵਿੱਚੋਂ ਕਰਜ਼ਾ ਲੈਣ ਵਾਲੇ 360 ਕਿਸਾਨਾਂ ਵਿੱਚੋਂ 240 ਡਿਫਾਲਟਰ ਹਨ।ਇਸ ਬੈਂਕ ਤੋਂ ਕਰਜ਼ਾ ਲੈਣ ਵਾਲੇ ਕਿਸਾਨ ਮਲਕੀਤ ਸਿੰਘ ਨੇ ਦੱਸਿਆ ਕਿ ਉਸ ਨੇ 10 ਲੱਖ ਰੁਪਏ ਦਾ ਕਰਜ਼ਾ ਲਿਆ ਸੀ। ਸਾਲ 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਨੇ ਐਲਾਨ ਕੀਤਾ ਸੀ ਕਿ ਸਾਰੇ ਬੈਂਕਾਂ ਦਾ ਕਰਜ਼ਾ ਮੁਆਫ ਹੋ ਜਾਵੇਗਾ, ਜਿਸ ਤੋਂ ਬਾਅਦ ਉਸ ਨੇ ਕਿਸ਼ਤ ਭਰਨੀ ਬੰਦ ਕਰ ਦਿੱਤੀ ਤੇ ਫਿਰ ਉਹ ਬੈਂਕ ਦਾ ਡਿਫਾਲਟਰ ਹੋ ਗਿਆ ਹੈ। ਖੇਤੀਬਾੜੀ ਵਿਕਾਸ ਬੈਂਕ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਜਦੋਂ ਵੀ ਕਿਸਾਨਾਂ ਕੋਲ ਕਰਜ਼ਾ ਵਸੂਲੀ ਲਈ ਜਾਂਦੇ ਸਨ ਤਾਂ ਉਹ ਇਹੀ ਜਵਾਬ ਦਿੰਦੇ ਸਨ ਕਿ ਉਨ੍ਹਾਂ ਦਾ ਕਰਜ਼ਾ ਸਰਕਾਰ ਨੇ ਮੁਆਫ ਕਰ ਦੇਣਾ ਹੈ, ਜਿਸ ਲਈ ਉਹ ਅਦਾਇਗੀ ਨਹੀਂ ਕਰਨਗੇ। ਇਸ ਕਾਰਨ ਖੇਤੀਬਾੜੀ ਵਿਕਾਸ ਬੈਂਕ ਅੱਗੇ ਤੋਂ ਵੱਖ-ਵੱਖ ਯੋਜਨਾਵਾਂ ਤਹਿਤ ਨਵੇਂ ਕਿਸਾਨਾਂ ਨੂੰ ਕਰਜ਼ਾ ਵੀ ਨਹੀਂ ਦੇ ਰਿਹਾ।

# ਹਾਈਵੇ ਵਾਸਤੇ ਜ਼ਮੀਨ ਦਾ ਕਬਜ਼ਾ ਲੈਣ ਲਈ ਆਏ ਅਫਸਰ ਕਿਸਾਨਾਂ ਨੇ ਬੇਰੰਗ ਮੋੜੇ



ਭੁਲੱਥ, 20 ਅਪ੍ਰੈਲ (ਪੋਸਟ ਬਿਊਰੋ)- ਭਾਰਤ ਸਰਕਾਰ ਵੱਲੋਂ ਇਸ ਹਲਕੇ ਵਿੱਚੋਂ ਕੱਢੇ ਜਾ ਰਹੇ ਜੰਮੂ-ਕੱਟੜਾ-ਦਿੱਲੀ ਹਾਈਵੇਅ ਵਾਸਤੇ ਹਲਕਾ ਭੁਲੱਥ ਦੇ 18 ਪਿੰਡਾਂ ਦੀ ਐਕੁਆਇਰ ਹੋ ਰਹੀ ਜ਼ਮੀਨ ਦੇ ਕਿਸਾਨਾਂ ਨੂੰ ਯੋਗ ਮੁਆਵਜ਼ਾ ਤੇ ਹੋਰ ਖਰਚੇ ਦਿੱਤੇ ਬਗੈਰ ਉਸ ਦਾ ਕਬਜ਼ਾ ਲੈਣ ਆਏ ਨੈਸ਼ਨਲ ਹਾਈਵੇਅ ਅਥਾਰਟੀ ਦੇ ਅਧਿਕਾਰੀਆਂ ਨੂੰ ਕੱਲ੍ਹ ਪਿੰਡ ਹੁੱਸੇਵਾਲ ਤੇ ਚੱਕ ਸ਼ਾਹ ਅਕਾਲਾ ਦੇ ਕਿਸਾਨਾਂ ਨੇ ਬੇਰੰਗ ਮੋੜ ਦਿੱਤਾ ਹੈ।ਇਸ ਮੌਕੇ ਇਕੱਠੇ ਹੋਏ ਕਿਸਾਨਾਂ ਨੇ ਹਾਈਵੇਅ ਅਥਾਰਟੀ ਦੇ ਖਿਲਾਫ ਨਾਅਰੇਬਾਜ਼ੀ ਕੀਤੀ ਤੇ ਚਿਤਾਵਨੀ ਦਿੱਤੀ ਕਿ ਉਨ੍ਹਾਂ ਦੀਆਂ ਜ਼ਮੀਨਾਂ ਲਈ ਯੋਗ ਮੁਆਵਜ਼ਾ ਅਤੇ ਹੋਰ ਮਸਲਿਆਂ ਦੇ ਹੱਲ ਕੀਤੇ ਬਿਨਾਂ ਉਹ ਕਿਸੇ ਵੀ ਕੀਮਤ ਉੱਤੇਜ਼ਮੀਨਾਂ ਦਾ ਕਬਜ਼ਾ ਨਹੀਂ ਦੇਣਗੇ।

ਇਸ ਮੌਕੇ ਸਾਬਕਾ ਸਰਪੰਚ ਕਰਨੈਲ ਸਿੰਘ ਹੁੱਸੇਵਾਲ ਤੇ ਨੰਬਰਦਾਰ ਬਲਵਿੰਦਰ ਸਿੰਘ ਕਾਹਲੋਂ ਨੇ ਦੱਸਿਆ ਕਿ ਅਥਾਰਟੀ ਨੇ ਪੂਰੇ ਪੰਜਾਬ ਵਿੱਚ ਹਲਕਾ ਭੁਲੱਥ ਦੇ ਕਿਸਾਨਾਂ ਨੂੰ ਸਭ ਤੋਂ ਘੱਟ ਮੁਆਵਜ਼ਾ ਦਿੱਤਾ ਹੈ। ਇਸ ਤੋਂ ਇਲਾਵਾ ਖੇਤਾਂ ਵਿਚਲੇ ਰੁੱਖਾਂ, ਮੋਟਰਾਂ ਦੇ ਕਮਰਿਆਂ, ਟਿਊਬਵੈੱਲਾਂ ਦੇ ਬੋਰਾਂ, ਰਸਤਿਆਂ ਦਾ ਕੋਈ ਖਰਚਾ ਨਹੀਂ ਦਿੱਤਾ ਜਾ ਰਿਹਾ ਤੇ ਤੂੜੀ ਬਣਾਉਣ ਤੋਂ ਰੋਕਿਆ ਜਾ ਰਿਹਾ ਹੈ। ਹਲਕਾ ਭੁਲੱਥ ਵਿੱਚ ਸਾਂਝੀਆਂ ਤਕਸੀਮਾਂ, ਵਿਦੇਸ਼ ਗਏ ਕੱਚੇ ਨੌਜਵਾਨਾਂ ਦੀਆਂ ਜ਼ਮੀਨਾਂ ਦੇ ਕੋਈ ਠੋਸ ਫੈਸਲੇ ਅਜੇ ਅਧੂਰੇ ਤੇ ਤਕਨੀਕੀ ਖਾਮੀਆਂ ਨਾਲ ਭਰਪੂਰ ਹਨ। ਹੈਰਾਨੀ ਦੀ ਗੱਲ ਹੈ ਕਿ ਕਿਸਾਨਾਂ ਦੇ ਇਨ੍ਹਾਂ ਮਸਲਿਆਂ ਦੇ ਹੱਲ ਲਈ ਅਜੇ ਤਕ ਕੋਈ ਆਰਬੀਟੇਟਰ ਵੀ ਨਿਯੁਕਤ ਨਹੀਂ ਕੀਤਾ ਗਿਆ।

ਦੂਸਰੇ ਪਾਸੇ ਹਾਈਵੇਅ ਅਥਾਰਟੀ ਦੇ ਅਧਿਕਾਰੀ ਸ਼ਹਿਬਾਜ਼ ਖਾਨ ਨੇ ਦੱਸਿਆ ਕਿ ਕੱਲ੍ਹ ਓਥੇ ਤਹਿਸੀਲਦਾਰ ਭੁਲੱਥ ਨੇ ਆਉਣਾ ਸੀ, ਪਰ ਉਹ ਕਿਸੇ ਕਾਰਨ ਨਹੀਂ ਆਏ। ਕਿਸਾਨਾਂ ਨੂੰ ਤੂੜੀ ਬਣਾਉਣ ਲਈ ਪੰਜ ਦਿਨ ਸਮਾਂ ਦਿੱਤਾ ਗਿਆ। ਛੋਟੇ ਛੋਟੇ ਖਰਚੇ ਜਲਦੀ ਦੇ ਦਿੱਤੇ ਜਾਣਗੇ। ਰਸਤਿਆਂ ਬਾਰੇ ਤੇ ਹੋਰ ਮਸਲੇ ਮਹੀਨੇ ਵਿੱਚ ਹੱਲ ਕਰਵਾ ਦਿੱਤੇ ਜਾਣਗੇ।

## ਪਤਨੀ ਦੇ ਮੁੜ ਵਿਆਹ ਦਾ ਮਾਮਲਾ:

# ਮ੍ਰਿਤਕ ਮੁਲਾਜ਼ਮ ਦੇ ਮਾਤਾ-ਪਿਤਾ ਪਰਿਵਾਰਕ ਪੈਨਸ਼ਨ ਦੇ ਹੱਕਦਾਰ




ਚੰਡੀਗੜ੍ਹ, 20 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਆਪਣੇ ਮਹੱਤਵਪੂਰਨ ਫੈਸਲੇ ਵਿੱਚ ਸਪੱਸ਼ਟ ਕੀਤਾ ਹੈ ਕਿ ਮ੍ਰਿਤਕ ਸਰਕਾਰੀ ਮੁਲਾਜ਼ਮਾਂ ਦੇ ਮਾਤਾ-ਪਿਤਾ ਨੂੰ ਸਿਰਫ ਇਸ ਆਧਾਰ ਉੱਤੇ ਪਰਵਾਰਕ ਪੈਨਸ਼ਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮ੍ਰਿਤਕ ਆਪਣੇ ਪਿੱਛੇ ਵਿਧਵਾ ਜਾਂ ਬੱਚੇ ਛੱਡ ਗਿਆ ਹੈ। ਪੰਜਾਬ ਸਰਕਾਰ ਇਸ ਮਾਮਲੇ ਵਿੱਚ ਨਿਯਮਾਂ ਦੀ ਗਲਤ ਵਿਆਖਿਆ ਕਰ ਕੇ ਮਾਂ-ਬਾਪ ਨੂੰ ਪੈਨਸ਼ਨ ਦੇਣ ਤੋਂ ਇਨਕਾਰ ਕਰਦੀ ਹੈ।

ਇਸ ਕੇਸ ਵਿੱਚ ਪੰਜਾਬ ਸਰਕਾਰ ਦੀ ਦਲੀਲ ਸੀ ਕਿ ਜੇ ਇੱਕ ਵਾਰੀ ਮ੍ਰਿਤਕ ਮੁਲਾਜ਼ਮ ਦੀ ਵਿਧਵਾ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਤਾਂ ਫਿਰ ਉਹ ਦੁਬਾਰਾ ਵਿਆਹ ਕਰ ਲਵੇ ਤਾਂ ਉਸ ਦੀ ਪੈਨਸ਼ਨ ਬੰਦ ਕਰ ਦਿੱਤੀ ਜਾਂਦੀ ਹੈ, ਪਰ ਫਿਰ ਵੀ ਉਹ ਪੈਨਸ਼ਨ ਉਸ ਦੇ ਮਾਤਾ-ਪਿਤਾ ਨੂੰ ਨਹੀਂ ਦਿੱਤੀ ਜਾ ਸਕਦੀ।ਕੋਰਟ ਨੇ ਕਿਹਾ ਕਿ ਸਰਕਾਰ ਦੀ ਇਹ ਵਿਆਖਿਆ ਉਹ ਮਕਸਦ ਹਾਸਲ ਨਹੀਂ ਕਰਦੀ, ਜਿਸ ਲਈ ਪਰਵਾਰਕ ਪੈਨਸ਼ਨ ਦਿੱਤੀ ਜਾਂਦੀ ਹੈ। ਪਰਵਾਰਕ ਪੈਨਸ਼ਨ ਦਾ ਮਕਸਦ ਮ੍ਰਿਤਕ ਦੇ ਵਾਰਸਾਂ ਨੂੰ ਵਿੱਤੀ ਮੁਸ਼ਕਲਾਂ ਤੋਂ ਬਚਾਉਣਾ ਹੈ। ਇਹ ਸਹੀ ਹੈ ਕਿ ਵਿਧਵਾ ਸ਼ੁਰੂ ਵਿੱਚ ਪਰਵਾਰਕ ਪੈਨਸ਼ਨ ਲਈ ਪਾਤਰ ਹੈ ਤੇ ਬਾਕੀ ਇਸ ਤੋਂ ਬਾਅਦ। ਜੇ ਵਿਧਵਾ ਗੈਰ-ਪਾਤਰ ਹੋ ਜਾਂਦੀ ਹੈ ਤਾਂ ਹੋਰਨਾਂ ਨੂੰ ਛੱਡ ਕੇ ਬੱਚੇ ਪਰਵਾਰਕ ਪੈਨਸ਼ਨ ਦੇ ਹੱਕਦਾਰ ਹੋਣਗੇ। ਜਦੋਂ ਬੱਚੇ ਵੀ ਉਸ ਲਾਭ ਲਈ ਗੈਰ-ਪਾਤਰ ਹੋ ਜਾਣਅਤੇ ਜੇ ਮਾਤਾ-ਪਿਤਾ ਜ਼ਿੰਦਾ ਹਨ ਅਤੇ ਜਿਹੜੇ ਮ੍ਰਿਤਕ ਉੱਤੇ ਨਿਰਭਰ ਸਨ ਤੇ ਪਰਵਾਰਕ ਪੈਨਸ਼ਨ ਲਈ ਜ਼ਰੂਰੀ ਪਾਤਰਤਾ ਮਾਪਦੰਡ ਪੂਰਾ ਕਰਦੇ ਹਨ ਤਾਂ ਉਨ੍ਹਾਂ ਲਈ ਪਰਵਾਰਕ ਪੈਨਸ਼ਨ ਦੇ ਅਧਿਕਾਰ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਹਾਈ ਕੋਰਟ ਦੇ ਜਸਟਿਸ ਹਰਸਿਮਰਨ ਸਿੰਘ ਸੇਠੀ ਨੇ ਇਹ ਹੁਕਮ ਜਲੰਧਰ ਦੀ ਸਰਵਣ ਕੌਰ ਦੀ ਪਟੀਸ਼ਨ ਉੱਤੇ ਸੁਣਵਾਈ ਕਰਦੇ ਹੋਏ ਦਿੱਤਾ ਹੈ। ਪਟੀਸ਼ਨਰ ਦਾ ਬੇਟਾ ਸਤਨਾਮ ਸਿੰਘ ਪੰਜਾਬ ਪੁਲਸ ਵਿੱਚ ਸੀ। ਉਹ ਵਿਆਹਿਆ ਸੀ। ਚਾਰ ਜੂਨ 2006 ਨੂੰ ਇੱਕ ਕਾਰ ਹਾਦਸੇ ਵਿੱਚ ਸਤਨਾਮ ਸਿੰਘ ਦੀ ਮੌਤ ਹੋ ਗਈ। ਇਸ ਪਿੱਛੋਂ ਸਰਕਾਰ ਨੇ ਨਿਯਮਾਂ ਹੇਠ ਉਸ ਦੀ ਵਿਧਵਾ ਦਾ ਪਰਵਾਰਕ ਪੈਨਸ਼ਨ ਦਾ ਹੱਕਮੰਨਿਆ।ਦੋ ਦਸੰਬਰ 2008 ਨੂੰ ਸਤਨਾਮ ਸਿੰਘ ਦੀ ਵਿਧਵਾ ਨੇ ਦੂਜਾ ਵਿਆਹ ਕੀਤਾ ਅਤੇ ਓਦੋਂ ਤੋਂ ਉਹ ਦੂਜੇ ਪਤੀ ਨਾਲ ਰਹਿ ਰਹੀ ਹੈ। ਸਾਲ 2008 ਦੇ ਬਾਅਦ ਪਟੀਸ਼ਨਰ ਸਵਰਣ ਕੌਰ ਪਰਵਾਰ ਵਿੱਚ ਇਕੱਲੀ ਰਹਿ ਗਈ। ਉਸ ਨੇ ਪਰਵਾਰਕ ਪੈਨਸ਼ਨ ਲਈ ਅਰਜ਼ੀ ਦਿੱਤੀ ਤਾਂ ਸਰਕਾਰ ਨੇ ਦਾਅਵਾ ਰੱਦ ਕਰ ਦਿੱਤਾ। ਇਸ ਪਿੱਛੋਂ ਉਸ ਨੇ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਪਰਵਾਰਕ ਪੈਨਸ਼ਨ ਦਿਵਾਉਣ ਦੀ ਮੰਗ ਕੀਤੀ। ਪਟੀਸ਼ਨ ਦਾ ਵਿਰੋਧ ਕਰਦੇ ਹੋਏ ਸਰਕਾਰ ਨੇ ਕਿਹਾ ਕਿ ਮ੍ਰਿਤਕ ਦੇ ਮਾਤਾ-ਪਿਤਾ ਵੀ ਪਰਵਾਰਕ ਪੈਨਸ਼ਨ ਦੀ ਗਰਾਂਟ ਦੇ ਹੱਕਦਾਰ ਹਨ, ਜੇ ਉਹ ਮ੍ਰਿਤਕ ਉੱਤੇ ਨਿਰਭਰ ਹਨ, ਪਰ ਇਹ ਫਾਇਦਾ ਸਿਰਫ ਉਨ੍ਹਾਂ ਨੂੰ ਹੀ ਦਿੱਤਾ ਜਾ ਸਕਦਾ ਹੈ ਜੇ ਮ੍ਰਿਤਕ ਦੇ ਪਿੱਛੇ ਵਿਧਵਾ ਜਾਂ ਬੱਚੇ ਨਾ ਹੋਣ। ਸਰਕਾਰ ਦੀ ਇਸ ਦਲੀਲ ਨੂੰ ਹਾਈ ਕੋਰਟ ਨੇ ਰੱਦ ਕਰ ਕੇ ਕਿਹਾ ਕਿ ਇਹ ਨਿਯਮਾਂ ਦੀ ਗਲਤ ਵਿਆਖਿਆ ਹੈ। ਕੋਰਟ ਨੇ ਸਰਕਾਰ ਨੂੰ ਹੁਕਮ ਦਿੱਤਾ ਕਿ ਉਹ ਪਟੀਸ਼ਨਰ ਨੂੰ ਦਸੰਬਰ 2008 ਤੋਂ ਬਕਾਇਆ ਰਾਸ਼ੀ ਦੇ ਨਾਲ ਦੋ ਮਹੀਨਿਆਂ ਦੇ ਅੰਦਰ ਸਾਰੇ ਲਾਭ ਜਾਰੀ ਕਰੇ।

# ਠੱਗੀ ਮਾਮਲੇ ਵਿਚ ਭਾਜਪਾ ਆਗੂ ਸਰਬਜੀਤ ਮੱਕੜ ਅਤੇ ਉਸ ਦੀ ਪਤਨੀ ਸਮੇਤ ਪੰਜਾਂ ਨੂੰ ਸੰਮਨ ਜਾਰੀ



ਜਲੰਧਰ, 20 ਅਪ੍ਰੈਲ (ਪੋਸਟ ਬਿਊਰੋ)- ਐਨ ਆਰ ਆਈ ਭਰਾਵਾਂ ਵੱਲੋਂ ਭਾਜਪਾ ਆਗੂ ਸਰਬਜੀਤ ਸਿੰਘ ਵਿਰੁੱਧਠੱਗੀ ਦਾ ਕੇਸ ਅਦਾਲਤ ਵਿੱਚਕਰਨ ਤੋਂ ਬਾਅਦ ਕਈ ਸਾਲ ਤਕ ਲਟਕੇ ਕੇਸ ਵਿੱਚ ਸਰਬਜੀਤ ਸਿੰਘ ਮੱਕੜ ਉਸ ਦੀ ਪਤਨੀ ਸਮੇਤ ਪੰਜ ਜਣਿਆਂ ਨੂੰ ਅਦਾਲਤ ਨੇ ਛੇ ਮਈ ਨੂੰ ਤਲਬ ਕਰ ਲਿਆ ਹੈ।

ਡਾਕਟਰ ਪੀ ਐਸ ਕੰਗ ਵਾਸੀ ਪ੍ਰੀਤ ਨਗਰ ਲਾਡੋਵਾਲੀ ਨੇ ਦੱਸਿਆ ਕਿ ਪਿੰਡ ਰਾਏਪੁਰ ਰਸੂਲਪੁਰ ਵਿੱਚਉਨ੍ਹਾਂ ਦੇ ਕੁੜਮਾਂ ਦੀ ਜ਼ਮੀਨ ਉੱਤੇ ਕਿਸੇ ਨੇ ਕਬਜ਼ਾ ਕੀਤਾ ਹੋਇਆ ਸੀ। ਉਹ ਕਬਜ਼ਾ ਛੁਡਾਉਣ ਲਈ ਆਪਣੇ ਕੁੜਮਾਂ ਨੂੰ ਨਾਲ ਲੈ ਕੇ 2008-09 ਨੂੰ ਸਰਬਜੀਤ ਸਿੰਘ ਮੱਕੜ ਨੂੰ ਮਿਲਿਆ। ਜ਼ਮੀਨ ਕਾਫੀ ਕੀਮਤੀ ਹੋਣ ਕਾਰਨ ਮੱਕੜ ਦੀ ਨੀਤ ਬਦਲ ਗਈ ਅਤੇ ਉਸ ਨੇ ਉਸ ਦੇ ਕੁੜਮਾਂ ਨੂੰ ਭਰੋਸੇ ਵਿੱਚ ਲੈ ਕੇ ਜ਼ਮੀਨ ਦੀ ਪਾਵਰ ਆਫ ਅਟਾਰਨੀ ਆਪਣੇ ਪੀ ਏ ਪਵਿੰਦਰ ਸਿੰਘ ਦੇ ਨਾਂਅ ਉੱਤੇ ਕਰਵਾ ਲਈ। ਕੁਝ ਖਾਲੀ ਅਸ਼ਟਾਮਾਂ ਉੱਤੇ ਵੀ ਦਸਖਤ ਕਰਵਾ ਲਏ ਅਤੇ ਫਿਰ ਜ਼ਮੀਨ ਆਪਣੇ ਸਹੁਰੇ ਪ੍ਰਿਤਪਾਲ ਸਿੰਘ ਦੇ ਨਾਂਅ ਉੱਤੇ ਕਰਵਾ ਲਈ ਅਤੇ ਬਾਅਦ ਵਿੱਚ ਉਹ ਜ਼ਮੀਨ ਆਪਣੀ ਪਤਨੀ ਉਪਿੰਦਰਜੀਤ ਕੌਰ ਦੇ ਨਾਂਅ ਉੱਤੇ ਕਰਵਾ ਲਈ। ਇਹ ਕੁਝ ਕਰਨ ਲਈ ਇੱਕ ਅਸ਼ਟਾਮ ਫਰੋਸ਼ ਪਰਮਿੰਦਰ ਸਿੰਘ ਨੇ ਸਰਕਾਰੀ ਰਜਿਸਟਰ ਵਿੱਚ ਛੇੜਛਾੜ ਵੀ ਕੀਤੀ ਸੀ। ਉਨ੍ਹਾਂ ਇਸ ਦੀ ਸ਼ਿਕਾਇਤ ਪੁਲਸ ਦੇ ਉਚ ਅਧਿਕਾਰੀਆਂ ਨੂੰ ਦਿੱਤੀ, ਪਰ ਮੱਕੜ ਦੀ ਪਹੁੰਚ ਉਚੀ ਹੋਣ ਕਾਰਨ ਉਨ੍ਹਾਂ ਦੀ ਸੁਣਵਾਈ ਨਹੀਂ ਹੋਈ। ਪੁਲਸ ਨੇ ਪੀ ਏ ਪਵਿੰਦਰ ਸਿੰਘ ਖਿਲਾਫ ਕੇਸ ਦਰਜ ਕੀਤਾ ਸੀ ਤੇ ਹੋਰ ਕਿਸੇ ਦਾ ਇਸ ਵਿੱਚ ਨਾਂਅ ਨਹੀਂ ਆਇਆ ਅਤੇਪੁਲਸ ਨੇ ਅਦਾਲਤ ਵਿੱਚ ਪੇਸ਼ ਕਰ ਦਿੱਤਾ। ਇਸ ਪਿੱਛੋਂ ਸਰਬਜੀਤ ਸਿੰਘ ਮੱਕੜ, ਉਪਿੰਦਰਜੀਤ ਕੌਰ, ਪ੍ਰਿਤਪਾਲ ਸਿੰਘ, ਮਦਨ ਲਾਲ ਤੇ ਪਰਮਿੰਦਰ ਸਿੰਘ ਨੂੰ ਛੇ ਮਈ ਨੂੰ ਅਦਾਲਤ ਵਿੱਚ ਪੇਸ਼ ਹੋਣ ਦੇ ਸੰਮਨ ਜਾਰੀ ਕੀਤੇ ਹਨ। ਇਹ ਮਾਮਲਾ ਚਰਚਾ ਦਾ ਵਿਸ਼ਾ ਬਣ ਗਿਆ ਹੈ।

## ਗੁਰੂ ਘਰ ਵਿੱਚ ਮੂਰਤੀਆਂ ਦਾ ਮਾਮਲਾ

# ਗੁਰਦੁਆਰਾ ਪ੍ਰਬੰਧਕਾਂ ਅਤੇ ਸਿੱਖ ਜਥੇਬੰਦੀਆਂ ਵਿਚਾਲੇ ਸਮਝੌਤਾ

ਜ਼ੀਰਾ, 20 ਅਪ੍ਰੈਲ (ਪੋਸਟ ਬਿਊਰੋ)- ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲਾ ਵਿਖੇ ਲਾਏ ਗਏ ਮਹਾਂਪੁਰਸ਼ਾਂ ਦੇ ਬੁੱਤ ਅਤੇ ਮੂਰਤੀਆਂ ਉਥੋਂ ਹਟਾ ਕੇ ਪੰਦਰਾਂ ਦਿਨਾਂ ਵਿੱਚ ਸਿੱਖ ਮਰਿਆਦਾ ਬਹਾਲ ਕਰ ਦਿੱਤੀ ਜਾਵੇਗੀ।ਇਸ ਬਾਰੇ ਕੱਲ੍ਹ ਦੇਰ ਰਾਤ ਐਸ ਡੀ ਐਮ ਜ਼ੀਰਾ ਅਤੇ ਡੀ ਐਸ ਪੀ ਜ਼ੀਰਾ ਦੀ ਪਹਿਲ ਉੱਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਅਤੇ ਮੂਰਤੀ ਲਾਉਣ ਦਾ ਵਿਰੋਧ ਕਰਦੀਆਂ ਸਿੱਖ ਜਥੇਬੰਦੀਆਂ ਵਿਚਾਲੇ ਸਮਝੌਤਾ ਹੋ ਗਿਆ ਹੈ।

ਇਸ ਦੌਰਾਨ ਦੋਵਾਂ ਧਿਰਾਂ ਵਿੱਚ ਹੋਏ ਸਮਝੌਤੇ ਪਿੱਛੋਂ ਪ੍ਰਬੰਧਕ ਕਮੇਟੀ ਨੇਵਿਸਾਖੀ ਵਾਲੇ ਦਿਨ ਲਾਈ ਗਈ ਮੂਰਤੀ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚੋਂ ਹਟਾ ਦਿੱਤਾ ਹੈ। ਤਸਵੀਰਾਂ ਅਤੇ ਬਾਬਾ ਕਰਮਚੰਦ ਤੇ ਬਾਬਾ ਸ੍ਰੀ ਚੰਦ ਦੇ ਬੁੱਤ ਅਤੇ ਪਲੰਘ ਉੱਤੇਸਜਾਈਆਂ ਤਸਵੀਰਾਂ ਬਾਰੇ ਸਥਿਤੀਅਜੇ ਸਪੱਸ਼ਟ ਨਹੀਂ।ਜਿੱਥੇ ਗੁਰੂ ਘਰਾਂ ਦੇ ਗ੍ਰੰਥੀਆਂ ਨੂੰ ਮਰਿਆਦਾ ਦੀ ਰਾਖੀ ਕਰਨ ਲਈ ਸਤਿਕਾਰ ਦਿੱਤਾ ਜਾਂਦਾ ਹੈ, ਉਥੇ ਮਨਮਤਿ ਕਰਦਿਆਂ ਅਰਦਾਸ ਕਰਕੇ ਮੂਰਤੀ ਲਵਾਉਣ ਵਾਲੇ ਗੁਰਦੁਆਰਾ ਸਾਹਿਬ ਬਾਬਾ ਬਾਠਾਂ ਵਾਲੇ ਦੇ ਗ੍ਰੰਥੀ ਸਿੰਘ ਨੇ ਮੂਰਤੀਆਂ ਹਟਾਉਣ ਦਾ ਵਿਰੋਧ ਕਰਦਿਆਂ ਥਾਣਾ ਮੁਖੀ ਅਤੇ ਮੀਡੀਆ ਦੀ ਹਾਜ਼ਰੀ ਵਿੱਚ ਕਿਹਾ ਕਿ ਸਾਨੂੰ ਪਤਾ ਹੁੰਦਾ ਤਾਂ ਅਸੀਂ ਵੀ ਫੇਸਬੁੱਕ ਉੱਤੇ ਲਾਈਵ ਹੋ ਕੇ ਸੰਗਤਾਂ ਦਾ ਇਕੱਠ ਕਰ ਸਕਦੇ ਸੀ।ਗੁਰ-ਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਰਜਿੰਦਰ ਸਿੰਘ ਕੁੱਕੂ ਨੇ ਕਿਹਾ ਕਿ ਉਨ੍ਹਾਂ ਨੇ ਸੇਵਾ ਕਰਨੀ ਹੈ, ਜਿਵੇਂ ਗੁਰੂ ਸਾਹਿਬ ਅਤੇ ਮਹਾਪੁਰਸ਼ਾਂ ਨੂੰ ਚੰਗਾ ਲੱਗੇ, ਅਸੀਂ ਕਰਦੇ ਰਹਾਂਗੇ, ਪਰ ਸੰਗਤਾਂ ਵਿੱਚ ਕਿਸੇ ਦੁਬਿਧਾ ਪੈਣ ਦੇ ਵਿਰੁੱਧ ਹਾਂ। ਉਨ੍ਹਾਂ ਦੱਸਿਆ ਕਿ ਹਾਲੇ ਕਾਰ ਪਾਰਕਿੰਗ ਵਾਲੇ ਪਾਸੇ ਵਿਸ਼ੇਸ਼ ਕਮਰਾ ਸਜਾ ਕੇ ਮੂਰਤੀਆਂ ਰੱਖੀਆਂ ਜਾਣਗੀਆਂ ਅਤੇ ਸਮਾਂ ਪਾ ਕੇ ਨਵਾਂ ਅਸਥਾਨ ਵੱਖਰੇ ਤੌਰ ਉੱਤੇ ਬਣਾ ਦਿੱਤਾ ਜਾਵੇਗਾ।




# ਵਕੀਲ ਦੇ ਵਿਆਹ 'ਚ ਚੈਕਿੰਗ ਕਰਨ ਗਈ ਐਕਸਾਈਜ਼ ਟੀਮ ਉੱਤੇ ਦੋ ਕੇਸ ਦਾਇਰ

## * ਪਰਮਿਟ ਹੋਣ ਦੇ ਬਾਵਜੂਦ ਪਰਿਵਾਰ ਨੂੰ ਪ੍ਰੇਸ਼ਾਨ ਕਰਨ ਦਾ ਦੋਸ਼

ਪਟਿਆਲਾ, 20 ਅਪ੍ਰੈਲ (ਪੋਸਟ ਬਿਊਰੋ)- ਐਕਸਾਈਜ਼ ਵਿਭਾਗ ਦੀ ਟੀਮ ਨੂੰ ਵਕੀਲ ਦੇ ਵਿਆਹ ਵਿੱਚ ਚੈਕਿੰਗ ਦੌਰਾਨ ਲਾੜੇ (ਵਕੀਲ) ਨੂੰ ਪ੍ਰੇਸ਼ਾਨ ਕਰਨਾ ਮਹਿੰਗਾ ਪੈ ਗਿਆ। ਵਿਆਹ ਵਿੱਚ ਮੌਜੂਦ ਲੋਕਾਂ ਨੇ ਸ਼ਰਾਬ ਸਰਵਿਸ ਲਈ ਸ਼ਰਾਬ ਖਰੀਦਣ ਦੇ ਬਿੱਲ ਤੇ ਪਰਮਿਟ ਹੋਣ ਦੇ ਬਾਵਜੂਦ ਐਕਸਾਈਜ਼ ਅਫਸਰਾਂ ਵੱਲੋਂ ਪ੍ਰੇਸ਼ਾਨ ਕਰਨ ਤੇ ਮਹਿਮਾਨਾਂ ਦੇ ਸਾਹਮਣੇ ਬਦਨਾਮੀ ਕਰਨ ਦੇ ਦੋਸ਼ ਲਾਏ ਹਨ। ਇਸ ਦੇ ਬਾਅਦ ਵਕੀਲ ਮਯੂਰ ਕਰਕਰਾ ਨੇ ਵਿਆਹ ਵਿੱਚ ਰੁਕਾਵਟ ਪਾਉਣ ਅਤੇ ਬਦਨਾਮੀ ਕਰਨ ਕਰ ਕੇ ਮਾਣਹਾਨੀ ਦੇ ਦੋਸ਼ ਵਿੱਚ ਪਟਿਆਲਾ ਦੀ ਅਦਾਲਤ ਵਿੱਚ ਦੋ ਕੇਸ ਕੀਤੇ ਹਨ।

ਮਯੂਰ ਦੇ ਪਿਤਾ ਸੀਨੀਅਰ ਵਕੀਲ ਸਤੀਸ਼ ਕਰਕਰਾ ਨੇ ਕੇਸ ਦੀ ਪੁਸ਼ਟੀ ਕਰਦੇ ਹੋਏ ਦੱਸਿਆ ਕਿ 9 ਨਵੰਬਰ 2020 ਦੀ ਰਾਤ ਪਟਿਆਲਾ ਰਾਜਪੁਰਾ ਪੈਲੇਸ ਵਿੱਚ ਮਯੂਰ ਕਰਕਰਾ ਦੇ ਵਿਆਹ ਦੀ ਪਾਰਟੀ ਚੱਲਦੀ ਸੀ। ਸਮਾਰੋਹ ਵਿੱਚ ਸ਼ਹਿਰ ਦੀਆਂ ਕਈ ਨਾਮੀ ਹਸਤੀਆਂ ਮੌਜੂਦ ਸਨ। ਇਸੇ ਦੌਰਾਨ ਐਕਸਾਈਜ਼ ਵਿਭਾਗ ਦੀ ਇੰਸਪੈਕਟਰ ਚਰਨਜੀਤ ਕੌਰ ਨੇ ਆਪਣੇ ਸਾਥੀਆਂ ਕੁਲਬੀਰ ਸਿੰਘ ਅਤੇ ਸੌਰਵ ਸੂਦ ਨਾਲ ਮਿਲ ਕੇ ਰੂਟੀਨ ਚੈਕਿੰਗ ਦੇ ਬਹਾਨੇ ਇਹ ਕਹਿ ਕੇ ਰੁਕਾਵਟ ਪਾਈ ਕਿ ਉਨ੍ਹਾਂ ਨੇ ਸ਼ਰਾਬ ਸਿੰਡੀਕੇਟ ਤੋਂ ਸ਼ਰਾਬ ਕਿਉਂ ਨਹੀਂ ਖਰੀਦੀ। ਉਨ੍ਹਾਂ ਦੇ ਕਲਾਈਂਟ ਨੇ ਠੇਕੇ ਤੋਂ ਖਰੀਦੀ ਹੋਈ ਸ਼ਰਾਬ ਦਾ ਬਿੱਲ ਤੇ ਪਰਮਿਟ ਵੀ ਦਿਖਾਇਆ, ਪਰ ਇੰਸਪੈਕਟਰ ਨੇ ਇਸ ਗੱਲ ਉੱਤੇ ਇਤਰਾਜ਼ ਕਰ ਕੇ ਹੰਗਾਮਾ ਕੀਤਾ ਕਿ ਸ਼ਰਾਬ ਠੇਕੇ ਦੀ ਬਜਾਏ ਸਿੰਡੀਕੇਟ ਤੋਂ ਕਿਉਂ ਨਹੀਂ ਖਰੀਦੀ।ਐਕਸਾਈਜ਼ ਵਿਭਾਗ ਦੇ ਕਮਿਸ਼ਨਰ ਅਤੇ ਇੰਸਪੈਕਟਰ ਚਰਨਜੀਤ ਨੂੰ ਦੋ ਵਾਰ ਲੀਗਲ ਨੋਟਿਸ ਵੀ ਭੇਜੇ ਗਏ ਤਾਂ ਉਨ੍ਹਾਂ ਦਾ ਐਕਸਾਈਜ ਕਮਿਸ਼ਨਰ ਨੇ ਜਵਾਬ ਨਹੀਂ ਦਿੱਤਾ, ਪਰ ਇੰਸਪੈਕਟਰ ਚਰਨਜੀਤ ਕੌਰ ਨੇ ਰੇਡ ਦੀ ਗੱਲ ਨੂੰ ਕਬੂਲ ਕਰਦੇ ਹੋਏ ਸਿੰਡੀਕੇਟ ਵਾਲੀ ਗੱਲ ਨੂੰ ਨਕਾਰਿਆ ਹੈ। ਉਨ੍ਹਾਂ ਨੇ ਬਾਕਾਇਦਾ ਜਵਾਬ ਵਿੱਚ ਲਿਖਿਆ ਕਿ ਪਟਿਆਲਾ ਵਿੱਚ ਸਿੰਡੀਕੇਟ ਨਾਂਅ ਦੀ ਕੋਈ ਚੀਜ਼ ਨਹੀਂ ਹੈ।


# ਮੋਟਰਸਾਈਕਲ ਸਵਾਰਾਂ ਨੇ ਮਨੀ ਟ੍ਰਾਂਸਫਰ ਦੇ ਕਾਰਿੰਦੇ ਕੋਲੋਂ 10.90 ਲੱਖ ਰੁਪਏ ਲੁੱਟੇ



ਲੁਧਿਆਣਾ, 20 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਮੋਟਰਸਾਈਕਲ ਸਵਾਰ ਦੋ ਲੁਟੇਰਿਆਂ ਨੇ ਰੇਕੀ ਕਰਨ ਦੇ ਬਾਅਦ ਮਨੀ ਟ੍ਰਾਂਸਫਰ ਦਾ ਕੰਮ ਕਰਨ ਵਾਲੇ ਦੋ ਜਣਿਆਂ ਤੋਂ ਕਰੀਬ 10.90 ਲੱਖ ਦੀ ਨਕਦੀ ਲੁੱਟ ਲਈ।ਇਹ ਘਟਨਾ ਕੱਲ੍ਹ ਸ਼ਾਮ ਦਾਣਾ ਮੰਡੀ ਖੇਤਰ ਗਿੱਲ ਰੋਡ ਉੱਤੇ ਹੋਈ ਜਿਸ ਵਿੱਚੋਂ ਦੋਸ਼ੀਆਂ ਨੇ ਇੱਕ ਸਾਜ਼ਿਸ਼ ਦੇ ਤਹਿਤ ਮਨੀ ਟ੍ਰਾਂਸਫਰ ਦੇ ਦੋਨਾਂ ਕਾਰਿੰਦਿਆਂ ਨੂੰ ਰਾਸਤੇ ਵਿੱਚ ਘੇਰ ਕੇ ਲੁੱਟ ਲਿਆ।

ਇਸ ਦੀ ਸੂਚਨਾ ਮਿਲਣ ਉੱਤੇ ਪੁਲਸ ਟੀਮਾਂ ਪਹੁੰਚ ਗਈਆਂ ਤੇ ਘਟਨਾਸਥਾਨ ਉੱਤੇ ਜਾਂਚ ਸ਼ੁਰੂ ਕੀਤੀ।ਪੀੜਤਾਂ ਹਿਤੇਸ਼ ਉਰਫ਼ ਹਨੀ ਅਤੇ ਜਸਪਿੰਦਰ ਸਿੰਘ ਨੇ ਦੱਸਿਆ ਕਿ ਸ਼ਾਮ ਨੂੰ ਜਦੋਂ ਉਹ ਪੇਮੈਂਟ ਲੈ ਕੇ ਅਰੋੜਾ ਪੈਲੇਸ ਦੇ ਕਰੀਬ ਆ ਰਹੇ ਸੀ ਤਾਂ ਕੁਝ ਅਣਜਾਣ ਨੌਜਵਾਨਾਂ ਨੇ ਉਨ੍ਹਾਂ ਨੂੰ ਰਸਤੇ ਵਿੱਚ ਰੋਕ ਕੇ ਰੁਪਇਆਂ ਵਾਲਾ ਬੈਗ ਖੋਹ ਲਿਆ। ਉਨ੍ਹਾਂ ਨੇ ਵਿਰੋਧ ਕੀਤਾ ਤਾਂ ਦੋਸ਼ੀਆਂ ਨੇ ਉਨ੍ਹਾਂ ਨੂੰ ਜਾਨ ਤੋਂ ਮਾਰ ਦੇਣ ਦੀ ਧਮਕੀ ਦਿੱਤੀ ਅਤੇ ਬੈਗ ਲੈ ਕੇ ਫਰਾਰ ਹੋ ਗਏ। ਪੀੜਤਾਂ ਦੇ ਬਿਆਨ ਲੈ ਕੇ ਮਾਮਲੇ ਦੀ ਜਾਂਚ ਲਈ ਸੀ ਸੀ ਟੀ ਵੀ ਕੈਮਰਿਆਂ ਨੂੰ ਖੰਗਾਲਿਆ ਜਾ ਰਿਹਾ ਹੈ।

# ਕਾਂਗਰਸੀ ਮਹਿਲਾ ਕੌਂਸਲਰ ਦੇ ਪਤੀ ਨੂੰ ਗੋਲੀ ਮਾਰੀ




ਫਿਰੋਜ਼ਪੁਰ, 20 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਕੱਲ੍ਹ ਦੁਪਹਿਰੇ ਦਿਨ-ਦਿਹਾੜੇ ਕਾਲੇ ਰੰਗ ਦੀ ਸਕਾਰਪੀਓ ਗੱਡੀ ਉੱਤੇ ਆਏ ਨੌਜਵਾਨਾਂ ਨੇ ਵਾਰਡ ਨੰਬਰ 17 ਦੀ ਕਾਂਗਰਸੀ ਮਹਿਲਾ ਕੌਂਸਲਰ ਪ੍ਰਵੀਨ ਕੁਮਾਰੀ ਦੇ ਪਤੀ ਮੁੱਖਾ ਨੂੰ ਗੋਲੀ ਮਾਰ ਦਿੱਤੀ ਤੇ ਗੋਲੀ ਉਸਦੀ ਲੱਤ ਵਿੱਚੋਂ ਆਰ-ਪਾਰ ਹੋ ਗਈ, ਜਿਸ ਨੂੰ ਸ਼ਹਿਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਜ਼ਖ਼ਮੀ ਦੀ ਹਾਲਤ ਖਤਰੇ ਤੋਂ ਬਾਹਰ ਹੈ।

ਇਸ ਬਾਰੇ ਨਗਰ ਕੌਂਸਲ ਫ਼ਿਰੋਜ਼ਪੁਰ ਸ਼ਹਿਰ ਦੇ ਪ੍ਰਧਾਨ ਰਿੰਕੂ ਗਰੋਵਰ ਨੇ ਦੋਸ਼ ਲਾਇਆ ਕਿ ਸ਼ਹਿਰ ਵਿੱਚ ਅਮਨ ਕਾਨੂੰਨ ਦੀ ਸਥਿਤੀ ਪੂਰੀ ਤਰ੍ਹਾਂ ਵਿਗੜ ਚੁੱਕੀ ਤੇ ਸ਼ਹਿਰ ਵਿੱਚ ਦਹਿਸ਼ਤ ਦਾ ਮਾਹੌਲ ਹੈ। ਜੇ ਗੁੰਡਾਗਰਦੀ ਕਰਨ ਵਾਲਿਆਂ ਨੂੰ ਨਾ ਫੜਿਆ ਤਾਂ ਸ਼ਹਿਰ ਦੇ ਕਾਂਗਰਸੀ, ਆਮ ਲੋਕਾਂ ਨੂੰ ਨਾਲ ਲੈ ਕੇ ਥਾਣੇ ਦੇ ਬਾਹਰ ਧਰਨਾ ਦੇਣਗੇ। ਇਸ ਦੌਰਾਨ ਥਾਣਾ ਸਦਰ ਦੇ ਐਸ ਐਚ ਓ ਨੇ ਦੱਸਿਆ ਕਿ ਪੁਲਸ ਵੱਲੋਂ ਹਮਲਵਾਰਾਂ ਦੀ ਗ੍ਰਿਫ਼ਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

# ਆਪ ਪਾਰਟੀ ਨੇ ਦਿੱਲੀ ਦੰਗੇ ਦੇ ਦੋਸ਼ੀ ਅੰਸਾਰ ਦੀਆਂ ਭਾਜਪਾ ਆਗੂਆਂ ਨਾਲ ਫੋਟੋਆਂ ਜਾਰੀ ਕੀਤੀਆਂ



ਨਵੀਂ ਦਿੱਲੀ, 20 ਅਪ੍ਰੈਲ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਜਹਾਂਗੀਰਪੁਰੀ ਇਲਾਕੇ ਵਿੱਚ ਪਿਛਲੇ ਹਫਤੇ ਹੋਈ ਹਿੰਸਾ ਦੇ ਮੁੱਖ ਦੋਸ਼ੀ ਅੰਸਾਰ ਦੀ ਭਾਰਤੀ ਜਨਤਾ ਪਾਰਟੀ ਨਾਲ ਸਿਆਸੀਸਾਂਝ ਹੈ।

ਇਸ ਬਾਰੇ ਆਮ ਆਦਮੀ ਪਾਰਟੀ ਦੀ ਵਿਧਾਇਕਾ ਆਤਿਸ਼ੀ ਮਾਰਲੇਨਾ ਨੇ ਟਵਿੱਟਰ ਉੱਤੇ ਕੁਝ ਫੋਟੋ ਸ਼ੇਅਰ ਕਰ ਕੇ ਭਾਜਪਾ ਉੱਤੇ ਨਿਸ਼ਾਨਾ ਸੇਧਿਆ ਤੇ ਦਾਅਵਾ ਕੀਤਾ ਕਿ ਇਹ ਸਾਫ ਹੁੰਦਾ ਹੈ ਕਿ ਜਹਾਂਗੀਰਪੁਰੀ ਦੰਗਿਆਂ ਦੇ ਮੁਲਜ਼ਮ ਅੰਸਾਰ ਨੂੰ ਪਹਿਲਾਂ ਭਾਜਪਾ ਨੇਤਾਵਾਂ ਨਾਲ ਦੇਖਿਆ ਗਿਆ ਸੀ। ਉਸ ਨੇ ਦੋਸ਼ ਲਾਇਆ ਕਿ ਭਾਜਪਾ ਇਨ੍ਹਾਂ ਦੰਗਿਆਂ ਲਈ ਜ਼ਿੰਮੇਵਾਰ ਹੈ। ਆਤਿਸ਼ੀ ਨੇ ਲਿਖਿਆ, ''ਜਹਾਂਗੀਰਪੁਰੀ ਦੰਗਿਆਂ ਦਾ ਮੁੱਖ ਮੁਲਜ਼ਮ ਅੰਸਾਰ ਭਾਜਪਾ ਦਾ ਆਗੂ ਹੈ। ਉਸ ਨੇ ਭਾਜਪਾ ਨੂੰ ਚੋਣ ਲੜਾਉਣ ਵਿੱਚ ਤੇ ਭਾਜਪਾ ਵਿੱਚ ਸਰਗਰਮ ਭੂਮਿਕਾ ਨਿਭਾਈ।'' ਆਮ ਆਦਮੀ ਪਾਰਟੀ ਦੇ ਆਗੂ ਸੌਰਭ ਭਾਰਦਵਾਜ ਨੇ ਦੋਸ਼ ਲਾਇਆ ਕਿ ਜਹਾਂਗੀਰਪੁਰੀ ਦੰਗਿਆਂ ਦਾ ਮੁੱਖ ਦੋਸ਼ੀ ਅੰਸਾਰ ਭਾਜਪਾ ਦਾ ਆਗੂ ਹੈ। ਇਹ ਪੂਰੀ ਤਰ੍ਹਾਂ ਸਪੱਸ਼ਟ ਹੋ ਗਿਆ ਹੈ ਕਿ ਭਾਜਪਾ ਨੇ ਹਨੂੰਮਾਨ ਜੈਅੰਤੀ ਮੌਕੇ ਦਿੱਲੀ ਵਿੱਚ ਦੰਗੇ ਕਰਵਾਏ ਸਨ। ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਨੇ ਦੰਗਿਆਂ ਦਾ ਸਭ ਤੋਂ ਵੱਧ 'ਲਾਭ' ਲਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਤਸਵੀਰਾਂ ਨਾਲ ਭਾਰਤੀ ਜਨਤਾ ਪਾਰਟੀ ਦਾ ਅਸਲੀ ਚਿਹਰਾ ਸਾਹਮਣੇ ਆ ਗਿਆ ਹੈ। ਆਮ ਆਦਮੀ ਪਾਰਟੀ ਦੇ ਅਧਿਕਾਰਤ ਹੈਂਡਲ ਉੱਤੇ ਉਨ੍ਹਾਂ ਦੇ ਹਵਾਲੇ ਨਾਲ ਲਿਖਿਆ ਗਿਆ, ''ਰਾਮ ਨੌਮੀ ਤੋਂ ਹਨੂੰਮਾਨ ਜੈਅੰਤੀ ਤਕ ਦੰਗੇ ਨਾ ਸਿਰਫ ਦਿੱਲੀ ਵਿੱਚ, ਸਗੋਂ ਸੱਤ ਰਾਜਾਂ ਵਿੱਚ ਕਰਵਾਏ ਗਏ ਸਨ। ਭਾਜਪਾ ਪ੍ਰਧਾਨ ਮੰਤਰੀ, ਪਾਰਲੀਮੈਂਟ ਮੈਂਬਰ ਤੇ ਵਿਧਾਇਕ ਸਾਰੇ ਦੰਗਿਆਂ ਦਾ ਲਾਭ ਉਠਾ ਰਹੇ ਸਨ।''

ਦੂਸਰੇ ਪਾਸੇ ਜਹਾਂਗੀਰਪੁਰੀ ਹਿੰਸਾ ਕੇਸ ਵਿੱਚ ਭਾਜਪਾ ਦਾਹੈ ਕੀਤਾ ਕਿ ਮੁਹੰਮਦ ਅੰਸਾਰ ਦੀ ਸਿਆਸੀ ਵਫਾਦਾਰੀ ਆਮ ਆਦਮੀ ਪਾਰਟੀ ਨਾਲ ਹੈ। ਪਾਰਟੀ ਦੇ ਬੁਲ-ਾਰੇ ਆਰ ਪੀ ਸਿੰਘ ਨੇ ਦੱਸਿਆ ਕਿ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਇਆ ਅਤੇ ਆਖਰੀ ਵਾਰ ਉਹ ਇਸ ਪਾਰਟੀ ਦਾ ਮੈਂਬਰ ਸੀ।

# ਪਿਕਅੱਪ ਦੇ ਪਲਟਣ ਨਾਲ ਪਰਵਾਰ ਦੇ 11 ਮੈਂਬਰਾਂ ਦੀ ਮੌਤ



ਝੁੰਝਨੂੰ, 20 ਅਪ੍ਰੈਲ (ਪੋਸਟ ਬਿਊਰੋ)- ਰਾਜਸਥਾਨ ਦੇ ਝੁੰਝਨੂੰ ਵਿੱਚ ਸੜਕ ਹਾਦਸੇ ਵਿੱਚ ਇੱਕੋ ਪਰਵਾਰ ਦੇ 11 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚ ਦੋ ਲੜਕੇ ਅਤੇ ਦੋ ਔਰਤਾਂ ਵੀ ਸ਼ਾਮਲ ਹਨ। ਸੱਤ ਲੋਕ ਜ਼ਖ਼ਮੀ ਹੋਏ ਹਨ। ਸਾਰੇ ਜ਼ਖ਼ਮੀਆਂ ਨੂੰ ਝੁੰਝਨੂੰ ਦੇ ਨਿੱਜੀ ਹਸਪਤਾਲ ਵਿੱਚ ਲਿਆਂਦਾ ਗਿਆ। ਘਟਨਾ ਜ਼ਿਲ੍ਹੇ ਦੇ ਗੁੜਾਗੋਂਡਜੀ ਦੀ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਪਰਵਾਰ ਦੇ ਬਜ਼ੁਰਗ ਦੀ ਮੌਤ ਹੋ ਗਈ ਸੀ। 14 ਦਿਨ ਪੂਰੇ ਹੋਣ ਉੱਤੇ ਪਰਵਾਰ ਦੇ ਲੋਕ ਅਤੇ ਰਿਸ਼ਤੇਦਾਰ ਅਸਥੀਆਂ ਪ੍ਰਵਾਹ ਕਰਨ ਲਈ ਲੋਹਾਰਗਲ ਗਏ ਸਨ। ਪਰਤਦੇ ਸਮੇਂ ਲੀਲਾਂ ਕੀ ਢਾਣੀ ਅਤੇ ਹੁਕਮਪੁਰਾ ਵਿਚਾਲੇ ਸੜਕ ਕੰਢੇ ਟ੍ਰੈਕਟਰ-ਟਰਾਲੀ ਖੜੀ ਸੀ। ਸਪੀਡ ਵਿੱਚ ਪਿਕਅੱਪ ਨੇ ਟ੍ਰੈਕਟਰ ਨੂੰ ਟੱਕਰ ਮਾਰ ਦਿੱਤੀ ਅਤੇ ਉਹ ਪਲਟ ਗਈ। ਗੱਡੀ ਵਿੱਚ 18 ਲੋਕ ਸਨ।ਹਾਦਸੇ ਵਿੱਚ ਅੱਠਾਂ ਦੀ ਮੌਕੇ ਉੱਤੇ ਮੌਤ ਹੋਈ ਹੈ। ਇਲਾਜ ਦੌਰਾਨ ਤਿੰਨ ਹੋਰਨਾਂ ਨੇ ਦਮ ਤੋੜ ਦਿੱਤਾ।ਇਸ ਹਾਦਸੇ ਤੋਂ ਬਾਅਦ ਪੀ ਐਮ ਨਰਿੰਦਰ ਮੋਦੀ ਵੱਲੋਂ ਮ੍ਰਿਤਕਾਂ ਅਤੇ ਜ਼ਖ਼ਮੀਆਂ ਲਈ ਆਰਥਿਕ ਮੱਦਦ ਦਾ ਐਲਾਨ ਕੀਤਾ ਹੈ। ਉਨ੍ਹਾਂ ਟਵੀਟ ਕਰ ਕੇ ਦੱਸਿਆ ਕਿ ਪੀ ਐਮ ਐਨ ਆਰ ਐਫ ਫੰਡ ਵਿੱਚੋਂ ਮ੍ਰਿਤਕਾਂ ਨੂੰ 2-2 ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਆਰਥਿਕ ਸਹਾਇਤਾ ਦਿੱਤੀ ਜਾਵੇਗੀ।

ਸ਼੍ਰੀਲੰਕਨ ਨੂੰ ਕੁੱਟ-ਕੁੱਟ ਕੇ ਮਾਰਨ ਦਾ ਕੇਸ:

# ਪਾਕਿ ਅਦਾਲਤ ਨੇ ਪੰਜ ਮਹੀਨਿਆਂ ਵਿੱਚ ਫ਼ੈਸਲਾ ਸੁਣਾਇਆ

ਲਾਹੌਰ, 20 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪੰਜਾਬ ਸੂਬੇ ਦੀ ਇੱਕ ਅਤਿਵਾਦ ਰੋਕੂ ਅਦਾਲਤ ਨੇ ਇਸਲਾਮ ਦੀ ਤੌਹੀਨ ਦੇ ਦੋਸ਼ ਵਿੱਚ ਸ੍ਰੀਲੰਕਾ ਦੇ ਨਾਗਰਿਕ ਨੂੰ ਕੁੱਟ-ਕੁੱਟ ਕੇ ਮਾਰ ਦੇਣ ਦੇ ਦੋਸ਼ ਵਿੱਚ ਛੇ ਜਣਿਆਂ ਨੂੰ ਮੌਤ ਦੀ ਸਜ਼ਾ ਅਤੇ ਸੱਤ ਹੋਰਨਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਸ ਅਦਾਲਤ ਨੇ ਬਾਕੀ 67 ਹੋਰ ਸ਼ੱਕੀਆਂ ਨੂੰ 2-2 ਸਾਲ ਦੀ ਸਜ਼ਾ ਸੁਣਾਈ ਹੈ। ਲਾਹੌਰ ਦੀ ਉਚ ਸੁਰੱਖਿਆ ਵਾਲੀ ਕੋਟ ਲਖਪਤ ਜੇਲ੍ਹ ਅੰਦਰ ਬੰਦ ਕਮਰੇ ਵਿੱਚ ਰੋਜ਼ਾਨਾ ਆਧਾਰ ਉੱਤੇ ਸੁਣਵਾਈ ਕਰਨ ਵਾਲੀ ਜੱਜ ਨਤਾਸ਼ਾ ਨਸੀਮ ਨੇ ਸ਼ੱਕੀਆਂ ਦੀ ਮੌਜੂਦਗੀ ਵਿੱਚ ਫ਼ੈਸਲਾ ਸੁਣਾਇਆ। ਜੱਜ ਨੇ 9 ਨਾਬਾਲਗ ਸ਼ੱਕੀਆਂ ਬਾਰੇ ਫ਼ੈਸਲਾ ਨਹੀਂ ਸੁਣਾਇਆ, ਜਿਨ੍ਹਾਂ ਵਿਰੁੱਧ ਸੁਣਵਾਈ ਹੋਣੀ ਅਜੇ ਬਾਕੀ ਹੈ।



ਕੱਟੜਪੰਥੀ ਇਸਲਾਮੀ ਪਾਰਟੀ ਤਹਿਰੀਕ-ਏ-ਲਬੈਕ ਪਾਕਿਸਤਾਨ 800 ਤੋਂ ਵੱਧ ਲੋਕਾਂ ਦੀ ਭੀੜ ਨੇ ਪੰਜਾਬ ਰਾਜ ਦੀ ਰਾਜਧਾਨੀ ਲਾਹੌਰ ਤੋਂ ਲੱਗਭਗ 100 ਕਿਲੋਮੀਟਰ ਦੂਰ ਸਿਆਲਕੋਟ ਵਿੱਚ ਇੱਕ ਕੱਪੜਾ ਫੈਕਟਰੀ ਉਤੇ ਹਮਲਾ ਕੀਤਾ ਅਤੇ ਫੈਕਟਰੀ ਦੇ 47 ਸਾਲਾ ਜਨਰਲ ਮੈਨੇਜਰ ਪ੍ਰਿਅੰਤਾ ਕੁਮਾਰਾ ਨੂੰ ਇਸਲਾਮ ਦੀ ਤੌਹੀਨ ਦੇ ਦੋਸ਼ ਵਿੱਚ ਕੁੱਟਮਾਰ ਕਰਕੇ ਮਾਰ ਦਿੱਤਾ ਸੀ ਅਤੇ ਉਸ ਦੀ ਲਾਸ਼ ਸਾੜ ਦਿੱਤੀ ਸੀ। ਇਸ ਘਟਨਾ ਬਾਰੇ ਪੂਰੇ ਪਾਕਿਸਤਾਨ ਵਿੱਚ ਸਿਆਸਤਦਾਨਾਂ, ਵਿਦਵਾਨਾਂ ਅਤੇ ਸਿਵਲ ਸੁਸਾਈਟੀ ਦੇ ਮੈਂਬਰਾਂ ਵੱਲੋਂ ਵਿਆਪਕ ਰੋਸ ਪ੍ਰਗਟਾਇਆ ਗਿਆ ਸੀ।

# ਅਮਰੀਕਾ ਵੱਲੋਂ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮ ਦੀ ਪਰਖ ਉਤੇ ਰੋਕ



*** ਚੀਨ ਤੋਂ ਨੁਕਸਾਨ ਦੇ ਡਰੋਂ ਅਮਰੀਕਾ ਦਾ ਵੱਡਾ ਫੈਸਲਾ**

ਵਾਸ਼ਿੰਗਟਨ, 20 ਅਪ੍ਰੈਲ (ਪੋਸਟ ਬਿਊਰੋ)- ਅਮਰੀਕਾ ਨੂੰ ਇਹ ਡਰ ਹੈ ਕਿ ਲੋੜ ਪੈਣ ਉੱਤੇ ਚੀਨ ਪੁਲਾੜ ਤਕਨੀਕ ਦੀ ਵਰਤੋਂ ਕਰ ਕੇ ਅਮਰੀਕੀ ਰਡਾਰਾਂ ਅਤੇ ਅਤਿ ਆਧੁਨਿਕ ਹਥਿਆਰ ਸਿਸਟਮਜ਼ ਨੂੰ ਜਾਮ ਕਰ ਸਕਦਾ ਹੈ।

ਇਸ ਸੰਬੰਧ ਵਿੱਚ ਅਮਰੀਕਾ ਦੀ ਰੱਖਿਆ ਖੁਫੀਆ ਏਜੰਸੀ (ਡੀ ਆਈ ਏ) ਨੇ ਰਾਸ਼ਟਰਪਤੀ ਜੋ ਬਾਇਡੇਨ ਦੀ ਸਰਕਾਰ ਨੂੰ ਸੌਂਪੀ ਰਿਪੋਰਟ ਵਿੱਚ ਇਹ ਜਾਣਕਾਰੀ ਦਿੱਤੀ ਹੈ। ਇਸ ਰਿਪੋਰਟ ਦੇ ਬਾਹਰ ਆਉਂਦੇ ਸਾਰ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਅਜੇ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮਦੀ ਪਰਖਉੱਤੇ ਰੋਕ ਲਾ ਰਿਹਾ ਹੈ। ਉਹ ਖੁਦ ਅਜਿਹਾ ਕੋਈ ਕਦਮ ਨਹੀਂ ਚੁੱਕੇਗਾ ਤਾਂ ਜੋ ਬਾਕੀ ਦੇਸ਼ ਵੀ ਇਸੇ ਤਰ੍ਹਾਂ ਕਰਨ।

ਵਰਨਣ ਯੋਗ ਹੈ ਕਿ ਅਮਰੀਕਾ ਅੱਜ ਤੱਕ ਰੂਸ ਅਤੇ ਚੀਨ ਦੇ ਤਜ਼ਰਬਿਆਂ ਦੀ ਆਲੋ ਚਨਾ ਕਰਦਾ ਰਿਹਾ ਹੈ। ਉਂਜ ਅਮਰੀਕਾ ਦਾ ਨੇਵੀ ਜੰਗੀ ਬੇੜਾ 14 ਸਾਲ ਪਹਿਲਾਂ ਇੱਕ ਖੁਫੀਆ ਸੈਟੇਲਾਈਟ ਨੂੰ ਤਬਾਹ ਕਰਨ ਦੇ ਲਈ ਇੰਟਰਸੈਪਟਰ ਮਿਜ਼ਾਈਲ ਰਾਹੀਂ ਨਿਸ਼ਾਨਾ ਲਾ ਚੁੱਕਾ ਹੈ। ਇਹ ਮੁੱਦਾ ਉਦੋਂ ਜ਼ੋਰ ਫੜ ਗਿਆ ਸੀ, ਜਦੋਂ ਸੋਵੀਅਤ ਯੁੱਗ ਦੇ ਇੱਕ ਖਰਾਬ ਪਏ ਸੈਟੇਲਾਈਟ ਨੂੰ ਪਿਛਲੇ ਸਾਲ ਨਵੰਬਰ ਵਿੱਚ ਰੂਸ ਨੇ ਮਿਜ਼ਾਈਲ ਦਾਗ ਕੇ ਤਬਾਹ ਕੀਤਾ ਸੀ।

ਤਾਜ਼ਾ ਸਥਿਤੀ ਇਹ ਹੈ ਕਿ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਕੈਲੀਫੋਰਨੀਆ ਦੇ ਵੈਨਡੇਨਬਰਗ ਸਪੇਸਫੋਰਸ ਬੇਸ ਵਿੱਚ ਇਸ ਨਵੇਂ ਫੈਸਲੇ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਪੁਲਾੜ ਦੀ ਕਿਸੇ ਵਸਤੂ ਉੱਤੇ ਸਿੱਧਾ ਨਿਸ਼ਾਨਾ ਲਗਾਉਣ ਵਾਲੇ ਏ ਐਸ ਟੀ ਮਿਜ਼ਾਈਲ ਤਜ਼ਰਬੇ ਉੱਤੇ ਰੋਕ ਲਾਉਣ ਦੇ ਕਾਰਨ ਸਪੱਸ਼ਟ ਕਰਦਿਆਂ ਕਿਹਾ ਕਿ ਇਸ ਨਾਲ ਪੁਲਾੜ ਦੇ ਮਲਬੇ ਵਿੱਚ ਵਾਧਾ ਨਹੀਂ ਹੋਵੇਗਾ,ਪਰ ਸਮਝਿਆ ਜਾਂਦਾ ਹੈ ਕਿ ਚੀਨ ਦੇ ਡਰੋਂ ਐਂਟੀ ਸੈਟੇਲਾਈਟ ਮਿਜ਼ਾਈਲ ਸਿਸਟਮ ਦੇ ਤਜ਼ਰਬੇ ਉੱਤੇਅਮਰੀਕਾ ਨੇ ਰੋਕ ਲਾਈ ਹੈ, ਤਾਂ ਜੋ ਉਸ ਦੇ ਦੁਸ਼ਮਣ ਦੇਸ਼ ਚੀਨ ਨੂੰ ਉਸ ਉੱਤੇ ਪੁਲਾੜ ਵਿੱਚ ਵਾਰ ਕਰਨ ਦਾ ਕੋਈ ਮੌਕਾ ਨਾ ਮਿਲੇ।

# ਮਹਿਲਾ ਜੱਜ ਨੂੰ 197 ਤਰੀਕਾਂ ਪੈ ਕੇ 32 ਸਾਲ ਪਿਛੋਂ ਨਿਆਂ ਮਿਲਿਆ, ਪਰ ਬੇਫਾਇਦਾ

ਬੀਕਾਨੇਰ, 20 ਅਪ੍ਰੈਲ (ਪੋਸਟ ਬਿਊਰੋ)- ਕੋਰਟ ਨਾਲ ਧੋਖਾ ਕਰਨ ਅਤੇ ਫਰਜ਼ੀ ਦਸਤਾਵੇਜ਼ ਪੇਸ਼ ਕਰਨ ਉੱਤੇ ਮਹਿਲਾ ਜੱਜ ਨੇ ਤਿੰਨ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਹਾਈ ਕੋਰਟ ਵਿੱਚ ਕੇਸ ਕੀਤਾ, ਪਰ ਫੈਸਲੇ ਲਈ ਉਨ੍ਹਾਂ ਨੂੰ 32 ਸਾਲ ਇੰਤਜ਼ਾਰ ਕਰਨਾ ਪਿਆ। ਇਸ ਦੌਰਾਨ ਉਹ ਰਿਟਾਇਰ ਹੋ ਗਈ, ਮੁੱਖ ਦੋਸ਼ੀ ਮਰ ਗਿਆ। ਮੁੱਖ ਦੋਸ਼ੀ ਦੇ ਦੋ ਸਾਥੀਆਂ ਨੂੰ ਦੋਸ਼ੀ ਮੰਨ ਕੇ ਸਜ਼ਾ ਸੁਣਾਈ ਗਈ, ਪਰ ਵਕਤ ਸਿਰ ਇਨਸਾਫ ਨਾ ਮਿਲਣ ਦਾ ਰੰਜ ਰਹਿ ਗਿਆ।

ਬੀਕਨੇਰ ਵਿੱਚ ਜੁਡੀਸ਼ਲ ਜੱਜ ਕਲਾਸ-ਵਨ ਕਮਲ ਦੱਤ ਦੀ ਕੋਰਟ ਵਿੱਚ ਪਾਰਵਤੀ ਨੇ 20 ਜੁਲਾਈ 1987 ਨੂੰ ਆਪਣੇ ਪਤੀ ਬਸਤੀ ਰਾਮ ਤੋਂ ਗੁਜ਼ਾਰੇ ਭੱਤੇ ਲਈ ਕੇਸ ਦਾਇਰ ਕੀਤਾ ਸੀ। ਬਸਤੀ ਰਾਮ ਨੇ ਪਤਨੀ ਨੂੰ 15000 ਰੁਪਏ ਦਾ ਭੁਗਤਾਨ ਕਰਨ ਦੀ ਰਸੀਦ ਪੇਸ਼ ਕੀਤੀ, ਜੋ ਗਵਾਹ ਆਤਮਾ ਰਾਮ ਅਤੇ ਜੇਠਾ ਰਾਮ ਦੀ ਮਿਲੀਭਗਤ ਨਾਲ ਫਰਜ਼ੀ ਬਣਾਈ ਗਈ ਸੀ। ਉਸ ਉੱਤੇ ਪਾਰਵਤੀ ਦੇ ਅੰਗੂਠੇ ਦਾ ਨਿਸ਼ਾਨ ਵੀ ਫਰਜ਼ੀ ਨਿਕਲਿਆ। ਮੈਜਿਸਟਰੇਟ ਕਮਲ ਦੱਤ ਨੇ 30 ਮਈ 1990 ਨੂੰ ਸੈਸ਼ਨ ਜੱਜ ਸਾਹ-ਮਣੇ ਬਸਤੀ ਰਾਮ ਅਤੇ ਉਸ ਦੇ ਦੋਵਾਂ ਸਾਥੀਆਂ ਦੇ ਖਿਲਾਫ ਕੇਸ ਰੱਖਿਆ। ਇਸ ਉੱਤੇ ਨੋਟਿਸ ਲਿਆ ਗਿਆ ਅਤੇ ਫਿਰ ਕੇਸ ਟਰਾਂਸਫਰ ਹੋ ਕੇ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ-ਵਨ ਦੇ ਕੋਲ ਚਲਾ ਗਿਆ, ਪ੍ਰੰਤੂ ਮਹਿਲਾ ਮੈਜਿਸਟਰੇਟ ਦੇਕੇਸ ਦੀ ਕੋਈ ਕਦਰ ਨਹੀਂ ਰਹੀ। 32 ਸਾਲ ਵਿੱਚ 197 ਤਰੀਕਾਂ



ਪਈਆਂ। ਕਦੇ ਦੋਸ਼ੀ ਪੇਸ਼ ਹੁੰਦੇ, ਕਦੀ ਉਨ੍ਹਾਂ ਨੂੰ ਹਾਜ਼ਰੀ ਦੀ ਮੁਆਫੀ ਦਿੱਤੀ ਜਾਂਦੀ। ਦੋਸ਼ੀਆਂ ਦੇ ਵਕੀਲ ਦਾ ਤਰਕ ਸੀ ਕਿ ਕੇਸ ਪੁਰਾਣਾ ਹੈ ਅਤੇ ਦੋਸ਼ੀਆਂ ਦਾ ਇਹ ਪਹਿਲਾ ਅਪਰਾਧ ਹੈ। ਰਹਿਮ ਦੇ ਨਿਯਮ ਦਾ ਲਾਭ ਦਿੱਤਾ ਜਾਣਾ ਚਾਹੀਦਾ ਹੈ। ਕੇਸ ਕਰਨ ਵਾਲੇ ਵਕੀਲ ਨੇ ਕਿਹਾ ਕਿ ਦੋਸ਼ੀਆਂ ਨੇ ਫਰਜ਼ੀ ਦਸਤਾਵੇਜ਼ ਬਣਾਉਣ ਵਿੱਚ ਸਹਿਯੋਗ ਕੀਤਾ ਹੈ ਅਤੇ ਕੋਰਟ ਵਿੱਚ ਸਹੁੰ ਚੁੱਕ ਕੇ ਝੂਠੇ ਬਿਆਨ ਦਿੱਤੇ ਹਨ। ਮੈਜਿਸਟਰੇਟ ਨੇ ਕਿਹਾ ਕਿ ਇਸ ਜੁਰਮ ਵਿੱਚ ਰਹਿਮ ਦੇ ਨਿਯਮ ਦਾ ਲਾਭ ਦਿੱਤਾ ਤਾਂ ਦੋਸ਼ੀਆਂ ਦੇ ਹੌਂਸਲੇ ਵਧਣਗੇ।ਇੱਕ ਮਾਰਚ 2016 ਨੂੰ ਬਸਤੀ ਰਾਮ ਦੀ ਮੌਤ ਹੋ ਗਈ। ਜੈਪੁਰ ਵਾਸੀ ਮੈਜਿਸਟਰੇਟ ਕਮਲ ਦੱਤ ਵੀ ਸਾਲ 2017 ਵਿੱਚ ਰਿਟਾਇਰ ਹੋ ਗਈ। ਬਸਤੀ ਰਾਮ ਦੀ ਪਤਨੀ ਪੀੜਤਾ ਪਾਰਵਤੀ ਨੇ ਵੀ 13 ਸਤੰਬਰ 2021 ਨੂੰ ਦਮ ਤੋੜ ਦਿੱਤਾ। ਤਤਕਾਲੀ ਮੈਜਿਸਟਰੇਟ ਦੱਤ ਦੇ ਚਾਰ ਸਤੰਬਰ 2021 ਨੂੰ ਕੋਰਟ ਵਿੱਚ ਬਿਆਨ ਹੋਏ ਤੇ 32 ਸਾਲ ਬਾਅਦ ਫੈਸਲਾ ਆਇਆ। ਮੈਜਿਸਟਰੇਟ ਪਰਵੀਨ ਬਾਨੂ ਨੇ ਆਪਣੀ ਕੋਰਟ ਦੇ ਸਭ ਤੋਂ ਪੁਰਾਣੇ ਕੇਸ ਵਿੱਚ ਆਤਮਾ ਰਾਮ (74) ਤੇ ਜੇਠਾ ਰਾਮ (78) ਨੂੰ ਦੋਸ਼ੀ ਮੰਨ ਕੇ ਛੇ-ਛੇ ਮਹੀਨੇ ਦੀ ਜੇਲ੍ਹ ਅਤੇ 3000 ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ।

# ਕਾਬੁਲ ਵਿੱਚ ਸਕੂਲਾਂ ਨੂੰ ਨਿਸ਼ਾਨਾ ਬਣਾ ਕੇ ਬੰਬ ਧਮਾਕੇ, 27 ਮੌਤਾਂ



ਕਾਬੁਲ, 20 ਅਪ੍ਰੈਲ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੀ ਰਾਜਧਾਨੀ ਕਾਬੁਲ ਵਿੱਚ ਲੜੀਵਾਰ ਧਮਾਕਿਆਂ ਨਾਲ ਇੱਕ ਸਕੂਲ ਵਿੱਚ ਵਿਦਿਆਰਥੀਆਂ ਸਮੇਤ 27 ਲੋਕਾਂ ਮਾਰੇ ਗਏ ਅਤੇ ਦਰਜਨਾਂ ਗੰਭੀਰ ਜ਼ਖ਼ਮੀ ਹੋਏ ਹਨ।

ਸਥਾਨਕ ਮੀਡੀਆ ਮੁਤਾਬਕ ਇਨ੍ਹਾਂ ਧਮਾਕਿਆਂ ਦੇ ਨਾਲ 25 ਸਕੂਲੀ ਵਿਦਿਆਰਥੀਆਂ ਦੀ ਮੌਤ ਹੋਈ ਹੈ। ਧਮਾਕੇ ਵਾਲੇ ਥਾਂ ਉੱਤੇ ਕਈ ਮ੍ਰਿਤਕ ਤੇ ਜ਼ਖ਼ਮੀ ਵਿਦਿਆਰਥੀਆਂ ਦੀਆਂ ਕਾਪੀਆਂ, ਕਿਤਾਬਾਂ, ਰੋਟੀ ਦੇ ਡੱਬੇ ਅਤੇ ਜੁੱਤੇ ਖਿੱਲਰੇ ਪਏ ਸਨ। ਦੱਸਿਆ ਗਿਆ ਹੈ ਕਿ ਇਹ ਧਮਾਕੇ ਰਾਜਧਾਨੀ ਕਾਬੁਲ ਵਿਚਲੇ ਜ਼ਿਲ੍ਹਾ ਦਸ਼ਤ-ਏ-ਬਰਚੀ ਦੇ ਅਬਦੁਲ ਰਹੀਮ ਸ਼ਹੀਦ ਹਾਈ ਸਕੂਲ ਨੇੜੇ ਮੁਮਤਾਜ਼ ਐਜੂਕੇਸ਼ਨ ਸੈਂਟਰ ਵਿੱਚ ਹੋਏ ਸਨ। ਕਾਬੁਲ ਪੁਲਸ ਦੇ ਬੁਲਾਰੇ ਅਨੁਸਾਰ ਧਮਾਕਿਆਂ ਵਿੱਚ ਜ਼ਖ਼ਮੀਆਂ ਹੋਏ ਲੋਕਾਂ ਵਿੱਚ ਕਈਆਂ ਦੀ ਹਾਲਤ ਚਿੰਤਾਜਨਕ ਹੈ, ਜਿਸ ਕਾਰਨ ਅਜੇ ਹੋਰ ਲੋਕਾਂ ਦੇ ਮਾਰੇ ਜਾਣ ਦਾ ਡਰ ਹੈ। ਇਹ ਤਿੰਨੋਂ ਧਮਾਕੇ 20 ਤੋਂ 25 ਮਿੰਟ ਦੇ ਫ਼ਰਕ ਨਾਲ ਹੋਏ।

ਇਮਰਾਨ ਦੀਆਂ ਮੁਸ਼ਕਲਾਂ ਵਧੀਆਂ

# ਵਿਦੇਸ਼ੀ ਫੰਡਿੰਗ ਕੇਸ ਦੀਈ ਸੀ ਪੀ ਵੱਲੋਂ ਰੋਜ਼ਾਨਾ ਸੁਣਵਾਈ ਸ਼ੁਰੂ

ਇਸਲਾਮਾਬਾਦ, 20 ਅਪ੍ਰੈਲ (ਪੋਸਟ ਬਿਊਰੋ)- ਪਾਰਲੀਮੈਂਟ ਵਿੱਚ ਪਾਸ ਕੀਤੇ ਬੇਭਰੋਸਗੀ ਮਤੇ ਰਾਹੀਂ ਸੱਤਾਤੋਂ ਲਾਂਭੇ ਕੀਤੇ ਗਏ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀਆਂ ਮੁਸ਼ਕਲਾਂ ਵੱਧਦੀਆਂ ਜਾਪਦਆਂ ਹਨ। ਪਾਕਿਸਤਾਨ ਚੋਣ ਕਮਿਸ਼ਨ (ਈ ਸੀ ਪੀ) ਨੇ ਕੱਲ੍ਹ ਉਨ੍ਹਾਂ ਦੀ ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ ਟੀ ਆਈ) ਨਾਲ ਜੁੜੇ ਵਿਦੇਸ਼ੀ ਫੰਡਿੰਗ ਕੇਸ ਦੇ ਬਾਰੇ ਰੋਜ਼ਾਨਾ ਸੁਣਵਾਈ ਸ਼ੁਰੂ ਕਰ ਦਿੱਤੀ ਹੈ।

ਅਖਬਾਰ ਡਾਨ ਦੀ ਰਿਪੋਰਟ ਮੁਤਾਬਕ ਇਸਲਾਮਾਬਾਦ ਹਾਈ ਕੋਰਟ ਨੇ ਬੀਤੇ ਵੀਰਵਾਰ ਈ ਸੀ ਪੀ ਨੂੰ ਇਮਰਾਨ ਖਾਨ ਦੀ ਪਾਰਟੀ ਪੀ ਟੀ ਆਈ ਨਾਲ ਜੁੜੇ ਵਿਦੇਸ਼ੀ ਫੰਡਿੰਗ ਕੇਸ ਦੀ ਸੁਣਵਾਈ ਇੱਕ ਮਹੀਨੇ ਅੰਦਰ ਪੂਰੀ ਕਰਕੇ ਫੈਸਲਾ ਸੁਣਾਉਣ ਦਾ ਹੁਕਮ ਦਿੱਤਾ ਸੀ। ਅਦਾਲਤ ਨੇ ਕਿਹਾ ਸੀ ਕਿ ਪੀ ਟੀ ਆਈ ਨੇ ਪਾਬੰਦੀਸ਼ੁਦਾ ਸਰੋਤਾਂ ਤੋਂ ਚੰਦਾ ਲਿਆ ਹੋਵੇ ਤਾਂ ਉਸ ਦੇ ਮੁਖੀ ਇਮਰਾਨ ਖਾਨ ਸਮੇਤ ਪਾਰਟੀ ਦੇ ਦਰਜੇ ਉੱਤੇ ਪ੍ਰਭਾਵ ਪੈ ਸਕਦਾ ਹੈ। ਹਾਈ ਕੋਰਟ ਨੇ ਇਹ ਫੈਸਲਾ ਪੀ ਟੀ ਆਈ ਦੀ ਇੱਕ ਪਟੀਸ਼ਨ ਰੱਦ ਕਰ ਕੇ ਦਿੱਤਾ ਸੀ। ਇਸ ਵਿੱਚ ਪਾਰਟੀ ਨੇ ਚੋਣ ਕਮਿਸ਼ਨ ਵੱਲੋਂ ਵਿਦੇਸ਼ੀ ਫੰਡਿੰਗ ਦੇ ਮਾਮਲੇ ਨੂੰ ਬੰਦ ਕਰਨ ਬਾਰੇ ਦੋ ਪਟੀਸ਼ਨਾਂ ਨੂੰ ਰੱਦ ਕਰਨ ਨੂੰ ਚੁਣੌਤੀ ਦਿੱਤੀ ਸੀ। ਵਿਦੇਸ਼ੀ ਫੰਡਿੰਗ ਦਾ ਕੇਸ 14 ਨਵੰਬਰ 2014 ਤੋਂ ਪੈਂਡਿੰਗ ਹੈ। ਇਸ ਮੌਕੇ ਸੱਤਾ ਸੰਭਾਲ ਚੁੱਕੀ ਪਾਰਟੀ ਪੀ ਐਮ ਐਲ -ਐਨ ਨੇ ਦੋਸ਼ ਲਾਇਆ ਹੈ ਕਿ ਇਮਰਾਨ ਨੇ ਪੀ ਟੀ ਆਈ ਨੇ ਸਾਲ 2008-13ਦੌਰਾਨ ਪਾਕਿਸਤਾਨ ਅਤੇ ਦੂਜੇ ਦੇਸ਼ਾਂ ਤੋਂ ਮਿਲੇ ਕਰੀਬ 31 ਕਰੋੜ ਪਾਕਿਸਤਾਨੀ ਰੁਪਏ ਦੇ ਚੰਦੇ ਨੂੰ ਲੁਕਾਇਆ ਹੈ। ਉਸ ਨੇ ਕਿਹਾ ਕਿ ਇਮਰਾਨ ਦੇ'ਚੋਰ' ਕਹਿਣ ਦੇ ਪਿੱਛੇ ਦੀਸੱਚਾਈ ਜਨਤਕ ਹੋ ਚੁੱਕੀ ਹੈ। ਪੀ ਐਮ ਐਲ-ਐਨ ਦੀ ਬੁਲਾਰਾ ਮਰੀਅਮ ਔਰੰਗਜ਼ੇਬ ਨੇ ਕਿਹਾ ਕਿ ਇਮਰਾਨ ਨਹੀਂ ਚਾਹੁੰਦੇ ਕਿ ਵਿਦੇਸ਼ੀ ਫੰਡਿੰਗ ਦੇ ਕੇਸ ਦਾ ਮਹੀਨੇ ਅੰਦਰ ਫੈਸਲੇ ਹੋਵੇ।ਓਧਰ ਅਖਬਾਰ ਅਲ ਅਰਬੀਆ ਨੇ ਆਪਣੀ ਰਿਪੋਰਟ ਵਿੱਚ ਕਿਹਾ, ਪਾਕਿਸਤਾਨੀ ਫੌਜ ਦੀ ਮੀਡੀਆ ਯੂਨਿਟ ਆਈ ਐਸ ਪੀ ਆਰ ਦੇ ਡਾਇਰੈਕਟਰ ਜਨਰਲ ਮੇਜਰ ਬਾਬਰ ਇਫਤਿਖਾਰ ਨੇ ਇਮਰਾਨ ਖਾਨ ਨੂੰ ਅਪੀਲ ਕੀਤੀ ਹੈ ਕਿ ਉਹ ਜਨਤਾ ਵਿੱਚ 'ਵਿਦੇਸ਼ੀ ਸਾਜ਼ਿਸ਼' ਦੀ ਗੱਲ ਨੂੰ ਦੁਹਰਾਉਣਾ ਬੰਦ ਕਰ ਦੇਣ।

# ਪਾਣੀ ਦੀ ਟੈਂਕੀ ਵਿੱਚੋਂ ਚਾਰ ਲਾਸ਼ਾਂ ਮਿਲੀਆਂ

ਨਾਰਨੌਲ, 20 ਅਪ੍ਰੈਲ (ਪੋਸਟ ਬਿਊਰੋ)- ਹਰਿਆਣਾ ਦੇ ਨਾਰਨੌਲ ਸ਼ਹਿਰ ਵਿੱਚ ਕੱਲ੍ਹ ਇੱਕ ਔਰਤ ਨੇ ਤਿੰਨ ਬੱਚਿਆਂ ਨਾਲ ਖ਼ੁਦਕੁਸ਼ੀ ਕਰ ਲਈ। ਚਾਰਾਂ ਦੀਆਂ ਲਾਸ਼ਾਂ ਪਾਣੀ ਦੀ ਟੈਂਕੀ ਵਿੱਚੋਂ ਮਿਲੀਆਂ ਹਨ।

ਦੱਸਿਆ ਗਿਆ ਹੈ ਕਿ ਘਰੇਲੂ ਝਗੜੇ ਕਾਰਨ ਔਰਤ ਨੇ ਇਹ ਕਦਮ ਚੁਕਿਆ। ਉਸ ਨੇ ਪਹਿਲਾਂ ਤਿੰਨਾਂ ਬੱਚਿਆਂ ਨੂੰ ਪਾਣੀ ਦੀ ਟੈਂਕੀ ਵਿੱਚ ਡੋਬਿਆ ਤੇ ਫਿਰ ਖ਼ੁਦ ਡੁੱਬ ਗਈ। ਪਰਵਾਰ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦਾ ਵਾਸੀਹੈ। ਔਰਤ ਦਾ ਪਤੀ ਰਾਮਸੇਵਕ ਕੁਸਵਾਹਾ ਮਿਸਤਰੀ ਦਾ ਕੰਮ ਕਰਦਾ ਹੈ।ਇਹ ਪਰਵਾਰ ਨਾਰਨੌਲ ਦੇ ਪਿੰਡ ਲੀਆਣਾ ਵਿੱਚ ਕਿਰਾਏ ਉੱਤੇ ਰਹਿੰਦਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮਜ਼ਦੂਰੀ ਕਰਦਾ ਸੀ। ਕੱਲ੍ਹ ਰਾਮਸੇਵਕ ਨੇ ਆਪਣੀ ਪਤਨੀ ਨਾਲ ਕੰਮ ਉੱਤੇ ਜਾਣ ਦੀ ਗੱਲ ਕੀਤੀ, ਪਰ ਉਸ ਨੇ ਕੰਮ ਉੱਤੇ




ਜਾਣ ਤੋਂ ਇਨਕਾਰ ਕਰ ਦਿੱਤਾ। ਦੇਰ ਸ਼ਾਮ ਜਦੋਂ ਉਹ ਕੰਮ ਤੋਂ ਪਰਤਿਆ ਤਾਂ ਉਸ ਨੂੰ ਨਾ ਪਤਨੀ ਅਤੇ ਨਾ ਬੱਚੇ ਮਿਲੇ। ਮਕਾਨ ਮਾਲਕ ਨੇ ਪਿੰਡ ਦੇ ਸਰਪੰਚ ਨੂੰ ਦੱਸਿਆ। ਜਦੋਂ ਪਿੰਡ ਵਾਸੀਆਂ ਨੇ ਪਾਣੀ ਵਾਲੀ ਟੈਂਕੀ ਵੇਖੀ ਤਾਂ ਉਨ੍ਹਾਂ ਰਾਮਸੇਵਕ ਦੇ ਤਿੰਨੋਂ ਬੱਚਿਆਂ ਦੀਆਂ ਲਾਸ਼ਾਂ ਸਨ। ਇੱਕ ਬੱਚੇ ਦੀ ਉਮਰ ਸਿਰਫ਼ ਸੱਤ ਮਹੀਨੇ ਦੱਸੀ ਗਈ ਹੈ। ਦੂਸਰੇ ਦੋ ਹੋਰ ਬੱਚਿਆਂ ਦੀ ਉਮਰ ਤਿੰਨ ਤੋਂ ਚਾਰ ਸਾਲ ਸੀ।ਪੁਲਸ ਮੁਤਾਬਕ ਔਰਤ ਦਾ ਪਤੀ ਨਾਲ ਝਗੜਾ ਸੀ, ਜਿਸ ਕਾਰਨ ਉਸ ਨੇ ਇਹ ਕਦਮ ਚੁੱਕਿਆ। ਜਾਂਚ ਤੋਂ ਬਾਅਦ ਸੱਚਾਈ ਸਾਹਮਣੇ ਆਵੇਗੀ।

# ਮਾਲਵਿੰਦਰ ਤੇ ਸ਼ਿਵਿੰਦਰ ਨੂੰ ਪੰਜ-ਪੰਜ ਕਰੋੜ ਜੁਰਮਾਨਾ ਪੈ ਗਿਆ

ਨਵੀਂ ਦਿੱਲੀ, 20 ਅਪ੍ਰੈਲ (ਪੋਸਟ ਬਿਊਰੋ)- ਬਾਜ਼ਾਰ ਰੈਗੁਲੇਟਰੀ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਫੋਰਟਿਸ ਹੈਲਥ ਕੇਅਰ ਦੀ ਉਲੰਘਣਾ ਦੇ ਕੇਸ ਵਿੱਚ ਮਾਲਵਿੰਦਰ ਮੋਹਨ ਸਿੰਘ ਤੇ ਸ਼ਿਵਿੰਦਰ ਮੋਹਨ ਸਿੰਘ ਸਮੇਤ ਨੌਂ ਸੰਸਥਾਵਾਂ ਉੱਤੇ ਕੁੱਲ 24 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਹੈ।

ਆਪਣੇ 109 ਸਫਿਆਂ ਦੇ ਆਖਰੀ ਹੁਕਮ ਵਿੱਚ ਸੇਬੀ ਨੇ ਦੋਵਾਂ ਸਿੰਘ ਭਰਾਵਾਂ ਉੱਤੇ ਪੰਜ-ਪੰਜ ਕਰੋੜ ਰੁਪਏ ਦਾ ਜੁਰਮਾਨਾ ਲਾਇਆ ਅਤੇ ਆਰ ਐਚ ਸੀ ਹੋਲਡਿੰਗ ਪ੍ਰਾਈਵੇਟ ਲਿਮਟਿਡਨੂੰ 2.5 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਫੋਰਟਿਸ ਹੈਲਥ ਕੇਅਰ ਉੱਤੇ ਇੱਕ ਕਰੋੜ ਅਤੇ ਫੋਰਟਿਸ ਹਸਪਤਾਲ ਉੱਤੇ ਪੰਜਾਹ ਲੱਖ ਰੁਪਏ ਜੁਰਮਾਨਾ ਲਾਇਆ ਗਿਆ ਹੈ। ਜਿਨ੍ਹਾਂ ਹੋਰ ਲੋਕਾਂ ਉੱਤੇ ਜੁਰਮਾਨਾ ਲਾਇਆ ਹੈ, ਉਨ੍ਹਾਂ ਵਿੱਚ ਮਾਲਵ ਹੋਲਡਿੰਗਸ ਪ੍ਰਾਈਵੇਟ ਲਿਮਟਿਡ (2.5 ਕਰੋੜ ਰੁਪਏ), ਸ਼ਿਵੀ ਹੋਲਡਿੰਗਸ ਪ੍ਰਾਈਵੇਟ (ਲਿਮਟਿਡ (2.5 ਕਰੋੜ ਰੁਪਏ), ਗਗਨਦੀਪ ਸਿੰਘ ਬੇਦੀ (2.5 ਕਰੋੜ ਰੁਪਏ) ਤੇ ਭਵਦੀਪ ਸਿੰਘ (2.5 ਕਰੋੜ ਰੁਪਏ) ਸ਼ਾਮਲ ਹਨ। ਅਕਤੂਬਰ 2018 ਵਿੱਚ ਸੇਬੀ ਨੇ ਫੋਰਟਿਸ ਹੈਲਥ ਕੇਅਰ ਲਿਮਟਿਡ (ਐਫ ਐਚ ਐਲ) ਨੂੰ ਸਿੰਘ ਭਰਾਵਾਂ ਤੇ ਵੱਖ-ਵੱਖ ਹੋਰ ਸੰਸਥਾਵਾਂ ਨੂੰ ਵਿਆਜ ਸਮੇਤ 403 ਕਰੋੜ ਰੁਪਏ ਦੀ ਵਸੂਲੀ ਲਈ ਜ਼ਰੂਰੀ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ ਅਤੇ ਉਨ੍ਹਾਂ ਦੇ ਬਾਜ਼ਾਰ ਵਿੱਚ ਦਾਖਲੇ ਉੱਤੇ ਤਿੰਨ ਸਾਲ ਪਾਬੰਦੀ ਲਾ ਦਿੱਤੀ ਹੈ। ਉਹ ਕਿਸੇ ਸੂਚੀਬੱਧ ਕੰਪਨੀ ਦੇ ਡਾਇਰੈਕਟਰ ਵੀ ਨਹੀਂ ਬਣ ਸਕਦੇ। ਇਸ ਮੌਕੇ ਸੇਬੀ ਨੇ ਆਰ ਐਚ ਸੀ ਹੋਲਡਿੰਗ ਪ੍ਰਾਈਵੇਟ ਲਿਮਟਿਡ, ਮਾਲਵ ਹੋਲਡਿੰਗਸ ਪ੍ਰਾਈਵੇਟ ਲਿਮਟਿਡ, ਸ਼ਿਵੀ ਹੋਲਡਿੰਗਸ ਪ੍ਰਾਈਵੇਟ ਲਿਮਟਿਡ, ਗਗਨਦੀਪ ਸਿੰਘ ਬੇਦੀ ਤੇ ਭਵਦੀਪ ਸਿੰਘ ਉੱਤੇ ਦੋ ਸਾਲ ਦੇ ਸਮੇਂ ਲਈ ਪਾਬੰਦੀ ਲਾਈ ਹੈ।






ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8



CASTLEMORE/GOREWAY
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ



8337 ਗਲਫ ਲਾਈਨ
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866



26 Yellow RomeRd
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Marriage
Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educat-ed.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769

## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short mar-riage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਪੰਜਾਬੀ ਪੋਸਟ

WWW.KULWINDERCHHINA.COM
MULTI AWARD WINNER
REALTOR
KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior • Interior • Spray Painting • Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com

ਗਾਰੰਟਿਡ
ਫੋਨਾਂ ਦੇ ਸਸਤੇ ਪਲਾਨ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

ਤੁਰੰਤ ਕਾਮਿਆਂ ਦੀ ਲੋੜ
ਫਾਰਮ ਅਤੇ ਨਰਸਰੀ ਵਿਚ ਕੰਮ ਕਰਨ ਲਈ ਤੁਰੰਤ ਕਾਮਿਆਂ ਦੀ ਲੋੜ ਹੈ।
ਸੰਪਰਕ ਕਰੋ: ਸੁਰਜੀਤ ਸਿੰਘ ਦਿਓਲ
647-391-3365

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

## ਕੇਅਰ ਗਿਵਰ ਦੀ ਲੋੜ

ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:
204-333-9000
416-818-3777



Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Natasha Mahal Co-Host
Cell:416-587-5520
Email: iqbalmahal46@gmail.com
Iqbal Mahal Producer & Host
Serving the South Asian Community Since 1976

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੋਸੈਂਸ ਇੰਸਟ੍ਰਕਟਰ
647-998-7500 ਬਲਵਿੰਦਰ


Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Platinum Club Award (2020-2017) (2009-2018) (REMAX International)
Chairman's Club Award (2021, 2018, 2015, 2014, 2013, 2012, 2011, 2010)
Hall of Fame (2010)
Lifetime Achievement Award (2014)
Advertisement GUARANTEED Till SOLD
Follow Us:
MCNE
CALL JAG FOR A QUICK & FREE HOME EVALUATION
www BramptonTopRealtor.com
www BramptonTopAgent.com
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades
BRANTFORD, ONTARIO
Call Jag Aujla For Details
JUST LISTED FOR SALE
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New
* Spent over $200k on upgrades
BRAMPTON, ONTARIO
Call Jag Aujla For Details
SOLD $215,000 OVER ASKING IN 2 DAYS
42 Lawnview Crt
Sandalwood /Hwy 10 / Braidwood
SOLD $101,000 OVER ASKING IN 2 DAYS
11 Germain Circ
Miss.Rd/ William Pkwy/ Bovaird
SOLD $165,000 OVER ASKING IN 2 DAYS
5 Mitchell Ave
Sandalwood/ Conestoga/ Dalzell
SOLD @101% OF ASKING PRICE
12 Laurelcrest St
Queen / Laurelcrest / Hwy 410
SOLD $260,000 OVER ASKING IN 4 DAYS
10 Lady Stewart Blvd
Howden / William Pkwy/ Hwy 410
SOLD @99% OF ASKING PRICE
11 Van Hoof Crest
Castlemore/ Goreway / Latania
SOLD $121,000 OVER ASKING IN 6 DAYS Caledon
42 Pinedale Ave
Kennedy / Dougall
SOLD $73,000 OVER ASKING IN 6 DAYS Shelbourne
416 Olde Village Lane
Hwy 89 / Greenwood
SOLD $355,000 OVER ASKING IN 4 DAYS
37 Esker Dr
Heart Lake Rd/Sandalwood Pkwy
FREE
Full MLS Services
Consistently Marketing Your Property Until SOLD
Staging Consultation
Billboard, Flyer, Newspaper
Online Promotion
Professional Pictures and Virtual Tour
Social media & Radio Advertisement
Open House Until Sold
Competitive Rates, Exceptional Service & Award Winning Results
RE/MAX
Realty Specialists Inc. Brokerage
(Independently Owned and Operated)
Off: 905-456-3232
*(Based on units sold & commissions)** *Some Conditions Apply.
*Seller* & Jag Aujla Broker of Re/max Realty Specialist Inc. must agree on the terms & conditions, closing date and listing price at the time of listing. Guaranteed Program only for Peel Region Homes Under $1 Million Price
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022


323rd Revelation Day of Khalsa
੩੨੩ ਵਾਂ ਖਾਲਸਾ ਸਾਜਨਾ ਦਿਵਸ
44th Annual Khalsa Day Celebration in Toronto
KHALSA DAY 2022
Sunday, 24th April 2022
Kultar Singh Gill 416-676-8820
Inderjit Singh Jagron 416-704-0506
Pall Singh Badwal 416-402-9053
Manjit Singh Parmar 416-524-7330
Harbans Singh Jandali 416-804-1999
Bhupinder Singh Ubbi 416-726-7388
Ajmer Singh Mandur 519-574-5042
PLEASE NOTE: NO PARADE THIS YEAR
CELEBRATIONS ONLY AT NATHAN PHILIPS SQUARE (City Hall)
10.00 AM TO 5:00 PM
Ontario Sikhs & Gurdwara Council
Celebration 323th year of Khalsa Day (1699-2022)
Nathan Philips Square (City Hall, Toronto)
April 24, 2022 Sunday
ਓਨਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ
੩੨੩ਵਾਂ ਖਾਲਸਾ ਸਾਜਨਾ ਦਿਵਸ(੧੬੯੯-੨੦੨੨)
ਨਾਥਨ ਫਿਲਿਪਸ ਸਕਿਅਰ (ਸਿਟੀ ਹਾਲ, ਟੋਰਾਂਟੋ)
ਅਪ੍ਰੈਲ ੨੪, ੨੦੨੨ ਦਿਨ ਐਤਵਾਰ


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive
Etobicoke ON M9V-3Z7
416-740-3262
21 Lacoste Blvd,
Brampton, ON L6P 2K2
905 794-8109
621 Wanless drive, # 122
Brampton ON L7A 0A9
905-495-3336
1075 Ceremonial Drive
Mississauga ON L5R 2Z4
905-502-1600
80 Pertosa Drive
Brampton ON L5X-5E9
905-460-0009
10510 Torbram Road,
Brampton
905-790-0030
2120 North park Drive
Brampton ON L6S 0C9
905-793-1338
10 Pannahill Dr,
Brampton
905 913-8017